ਵਤਨੋਂ ਦੂਰ

ਨਵੰਬਰ ਦਿਸੰਬਰ ੮੧



(ਰੇਵਨ)

ਉਹ ਮੈਂ
ਤੁਹਾਨੂੰ
ਪੇੜਾਂ ਦਾ ਧੁੱਕ
ਤੋਹਫ਼ਾ ਨਹੀਂ ਦੇ ਸਕਦਾ!
ਉਹ ਜੋ
ਜੜ੍ਹ - ਬੂਟੀਆਂ
ਮੈਂ ਲੱਭੀਆਂ ਸਨ
ਦਵਾ ਨਹੀਂ ਬਣ ਸਕਦੀਆਂ!
ਉਹ ਮੈਂ
ਮੱਛੀ ਦੀ
ਪ੍ਰਸੰਨਤਾ ਦਾ
ਗੀਤ ਨਹੀਂ ਗਾ ਸਕਦਾ!
ਉਹ
ਸੁਨਰੇ ਦਾ
ਸਾਥ ਦੀ
ਗਵਾਹੀ ਨਹੀਂ!
ਉਹ,
ਕੀਤੇ ਪਹਾੜ 'ਤੇ
ਪ੍ਰਾਰਥਨਾ ਲਈ
ਮੇਰੇ ਨਾਲ ਨਹੀਂ ਤੁਰਦਾ!
ਉਹ ਕੋਈ ਦਿਨ
ਮੇਰੇ ਕਦਮਾਂ ਦਾ
ਵਿਸ਼ਵਾਸ ਨਹੀਂ ਕਰਦਾ!

-ਚੀਫ਼ ਡੈਨ ਜਾਰਜ

"ONE-STOP" GROCERY CENTRE

# Victoria FoodCentre

## FIGURE ON SAVINGS

**WHEN YOU FOOD SHOP HERE**

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES —PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

**LITERARY & CULTURAL BI-MONTHLY OF PANJABI**

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $8.00 Other Countries SEA $8.00 AIR $9.00 | VOL. 9 NO. 89 NOV./DEC. 81 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

CIRCULATION EDITORS
Amarjit Chahal, 581-0406
Inderjit Rode, 430-1538

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**
Raghbir Mand, 325-9564 Vancouver
Iqbal Ramuwalia,
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-8308)

Surinder Kailav
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿੱਚ:

ਕਵਿਤਾਵਾਂ : ਸੁਰਜੀਤ ਪਾਤਰ, ਹਰਜੀਤ ਦੌਧਰੀਆ, ਰਣਜੀਤ ਰੋਮਨ, ਕੁਲਵੰਤ ਜਗਰਾਉਂ, ਕੁਲਬੀਰ ਪੰਧ, ਪਰਵਿੰਦਰ ਕੌਰ ਢੇਸੀ
ਕਹਾਣੀ : ਸੁਖਵੰਤ ਹੁੰਦਲ
ਲੇਖ : ਸੁਖਿੰਦਰ
ਵਿਸ਼ਵ ਸੰਮੇਲਨ ਬਾਰੇ : ਇਕਬਾਲ, ਸੁਖਿੰਦਰ
ਰੀਵਿਊ : ਫਿਲਮ ਰੀਵਿਊ, ਅਵਤਾਰ ਗਿੱਲ, ਸਤਵੰਤ ਦੀਪਕ
ਰਿਪੋਰਟ : ਸੁਖਵੰਤ ਹੁੰਦਲ, ਸੁਖਿੰਦਰ
ਪ੍ਰੋਗਰਾਮ : ਪ੍ਰੀਤਾ ਖੋਸਲਾ
ਸੰਦੇਸ਼ : ਨਕਸਲਵਾਦ ਵਿਰੁੱਧ ਬੀ. ਸੀ. ਸੰਘਰਸ਼ ਕਮੇਟੀ
ਸਥਾਈ ਕਾਲਮ : ਦੂਰੋਂ ਨੇੜਿਓਂ

## ਸਰਵਰਕ:

ਚਿੱਤਰ : ਰੇਵਨ, ਰੈਡ ਇੰਡੀਅਨ ਮਿਥਿਹਾਸਕ ਪੰਛੀ, ਜੋ ਸੰਸਾਰ ਵਿੱਚ ਸੂਰਜ, ਚੰਦਰਮਾਂ ਅਤੇ ਅਗਨੀ ਦਾ ਰਚਨਹਾਰਾ ਹੈ- ਚਿੱਤਰਕਾਰ ਹਾਰਲਸ ਬੀ. ਗਰੂਇਸ ਦੁਆਰਾ ਧੰਨਵਾਦ ਸਹਿਤ।

ਕਵਿਤਾ : ਚੀਫ ਡੈਨ ਜਾਰਜ ਦੀ ਪੁਸਤਕ MY HEART SOARS ਵਿਚੋਂ। ਅਨੁਵਾਦਕ ਦਰਸ਼ਨ ਗਿੱਲ। ਚੀਫ ਡੈਨ ਜਾਰਜ ਦਾ ਪਿਛਲੇ ਮਹੀਨੇ 81 ਸਾਲ ਦੀ ਉਮਰ ਭੋਗਣ ਪਿਛੋਂ ਦੇਹਾਂਤ ਹੋ ਗਿਆ ਹੈ। ਵਤਨੋਂ ਦੂਰ ਦੁੱਖੀ ਪਰਿਵਾਰ ਨਾਲ ਉਹਨਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹੈ।

# ਐਡੀਟੋਰੀਅਲ

ਅਸੀਂ ਸਮਝਦੇ ਸੀ ਕਿ ਕੈਨੇਡਾ ਵਿੱਚ ਵਿਸ਼ਵ ਪੰਜਾਬੀ ਸੰਮੇਲਨ ਕਰਾਉਣ ਦੀ ਗਲਬਾਤ ਪਿਛਲੇ ਸਾਲ ਦੇ ਖਤਮ ਹੋ ਗਈ ਸੀ। ਜਨਵਰੀ-ਫਰਵਰੀ ਦੇ ਦਰਸ਼ਨ ਰੂਪ ਦੀ ਸੰਪਾਦਕੀ ਵਿੱਚ ਅਸੀਂ ਇਸ ਬਾਰੇ ਚਰਚਾ ਕੀਤੀ ਸੀ। ਵੈਨਕੂਵਰ ਤੇ ਬੀ.ਸੀ ਦੇ ਲੇਖਕਾਂ ਵਲੋਂ ਸੰਮੇਲਨ ਨੂੰ ਸਿੱਧੇ ਸ਼ਬਦਾਂ ਵਿੱਚ ਰੱਦ ਕੀਤਾ ਗਿਆ ਸੀ। ਪਰ ਲੱਗਦਾ ਹੈ ਇਹ ਗੱਲ ਇਥੇ ਖਤਮ ਨਹੀਂ ਹੋਈ ਸੀ। ਸੰਮੇਲਨ ਕਰਵਾਉਣ ਦੇ ਚਾਹਵਾਨ ਸੱਜਣ ਪਤਾ ਨਹੀਂ ਕਿਵੇਂ ਸੋਚਦੇ ਹਨ ਜਾਂ ਕੀ ਸੋਚਦੇ ਹਨ ਕਿ ਉਹਨਾਂ ਲਈ ਇਹ 'ਇੱਜ਼ਤ' ਦਾ ਸਵਾਲ ਬਣ ਗਿਆ ਹੈ। ਵੀਹਵੀਂ ਸਦੀ ਦੇ ਅਖੀਰ 'ਚ ਜੀਂਦੇ ਇਹ ਵਿਦਵਾਨ ਪਿਛਲੀ ਸਦੀ ਦੀ ਬੀਮਾਰ ਜਗੀਰੂ ਸੋਚ ਦੇ ਧਾਰਨੀ ਜਾਪਦੇ ਹਨ। ਆਪਣੀ 'ਇੱਜ਼ਤ' ਰੱਖਣ ਲਈ ਇਨ੍ਹਾਂ ਇਥੋਂ ਦੇ ਇੱਕ ਸਾਹਿਤਕਾਰ ਸਟੀਫਨ ਗਿੱਲ ਜਿਹੜਾ ਗਿੱਲ ਨਾਂ ਤੋਂ ਬਿਨਾਂ ਪੰਜਾਬੀ ਬੋਲੀ ਜਾਂ ਸਾਹਿਤ ਨਾਲ ਕੋਈ ਰਿਸ਼ਤਾ ਨਹੀਂ, ਨੂੰ ਸੰਮੇਲਨ ਦਾ ਪ੍ਰਬੰਧ ਕਰਨ ਲਈ ਚੁਣਿਆ ਹੈ। ਸਟੀਫਨ ਗਿੱਲ ਔਟਵਾ ਵਿੱਚ ਰਹਿੰਦਾ ਹੈ, ਜਿਥੇ ਇਹ ਸੰਮੇਲਨ ਹੋਣ ਦਾ ਫੈਸਲਾ ਹੋਇਆ ਹੈ। ਉਥੇ ਪੰਜਾਬੀ ਲੇਖਕ ਸ਼ਾਇਦ ਇੱਕ ਵੀ ਨਹੀਂ ਰਹਿੰਦਾ ਤੇ ਪ੍ਰੋਫੈਸ਼ਨਲ ਕਿਸਮ ਦੇ ਥੋੜੇ ਬਹੁਤੇ ਪੰਜਾਬੀਆਂ ਤੋਂ ਬਿਨਾਂ ਉਥੇ ਪੰਜਾਬੀਆਂ ਦੀ ਕੋਈ ਆਮ ਵਸੋਂ ਨਹੀਂ।

ਪੰਜਾਬੀਆਂ ਦੀ ਬਹੁਤੀ ਵਸੋਂ ਬੀ.ਸੀ. ਵਿੱਚ ਹੈ ਤੇ ਲੇਖਕ ਵੀ ਬਹੁਤੇ ਇਥੇ ਹਨ। ਬੀ.ਸੀ. ਵਿਚੋਂ ਸ਼ਾਇਦ ਰਵੀ ਤੋਂ ਬਿਨਾਂ ਕੋਈ ਵੀ ਲੇਖਕ ਇਸ ਤਮਾਸ਼ੇ ਦੇ ਹੱਕ ਵਿੱਚ ਨਹੀਂ। ਇਸ ਤੋਂ ਬਿਨਾਂ ਅਲਬਰਟਾ ਤੇ ਓਨਟੇਰੀਓ ਵਿਚਲੇ ਪੰਜਾਬੀ ਲੇਖਕ ਵੀ ਇਸ ਦੀ ਵਿਰੋਧਤਾ ਕਰ ਰਹੇ ਹਨ। ਅਸੀਂ ਇਸ ਅੰਕ ਵਿੱਚ ਸੰਮੇਲਨ ਬਾਰੇ ਇਕਬਾਲ ਤੇ ਸੁਖਿੰਦਰ ਦੇ ਵਿਚਾਰ ਛਾਪ ਰਹੇ ਹਾਂ।

ਅਸੀਂ ਇਹ ਗੱਲ ਪਹਿਲਾਂ ਵੀ ਕਹੀ ਸੀ ਤੇ ਹੁਣ ਦੁਹਰਾ ਰਹੇ ਹਾਂ ਕਿ ਸੰਮੇਲਨ ਦਾ ਸਾਰਾ ਢੌਂਗ ਕੈਨੇਡਾ ਵਿੱਚ ਵਸਦੇ ਪੰਜਾਬੀ ਲੇਖਕਾਂ ਤੇ ਪੰਜਾਬੀਆਂ ਨਾਲ ਮਖੌਲਬਾਜ਼ੀ ਹੈ। ਕੈਨੇਡਾ ਵਿੱਚ ਲਿਖੇ ਜਾ ਰਹੇ ਸਾਹਿਤ ਤੋਂ ਇਹ ਗੱਲ ਸਾਫ ਹੈ ਕਿ ਇਥੋਂ ਦੇ ਪੰਜਾਬੀ ਲੇਖਕ ਆਪਣੇ ਕਰਤੱਵ ਪ੍ਰਤੀ ਕਾਫੀ ਸੁਚੇਤ ਹਨ ਤੇ ਸਾਹਿਤ ਰਚਨਾ ਉਹਨਾਂ ਲਈ ਸਿਰਫ ਮਨ-ਪਰਚਾਵਾ ਨਹੀਂ। ਸਾਹਿਤ ਨਾਲ ਕੈਨੇਡਾ ਵਿੱਚ ਹੋ ਰਹੇ ਕਿਸੇ ਮਖੌਲ ਨੂੰ ਉਹ ਚੁੱਪ ਕਰਕੇ ਨਹੀਂ ਦੇਖਣਗੇ

ਵਿਸ਼ਵ ਸੰਮੇਲਨ ਕਮੇਟੀ ਦੇ ਦੋ ਮੈਂਬਰ ਗੁਰਚਰਨ ਰਾਮਪੁਰੀ ਤੇ ਅਜਮੇਰ ਰੋਡੇ ਵੈਨਕੂਵਰ ਵਿੱਚ ਰਹਿੰਦੇ ਹਨ। ਉਹਨਾਂ ਨੂੰ ਵੀ ਇਸ ਸੰਮੇਲਨ ਬਾਰੇ, ਜਿਹੜਾ ਕਿ ਸ਼ਾਇਦ ਹੁਣ ਜੂਨ 1982 ਵਿੱਚ ਹੋ ਰਿਹਾ ਹੈ, ਸਿਰਫ ਦੱਸਿਆ ਹੀ ਗਿਆ ਹੈ। ਅਸੀਂ ਆਸ ਕਰਦੇ ਹਾਂ ਕਿ ਇਹ ਦੋਵੇਂ ਮੈਂਬਰ ਜ਼ਰੂਰ ਕਮੇਟੀ ਦੇ ਵਤੀਰੇ ਬਾਰੇ ਆਪਣੇ ਵਿਚਾਰ ਲੋਕਾਂ ਵਿੱਚ ਰੱਖਣਗੇ ਤਾਂ ਕਿ ਇਹ ਗੱਲ ਵੇਖਣਾ ਸਾਫ ਹੋ ਜਾਵੇ ਕਿ ਉਹ ਇਸ ਤਮਾਸ਼ੇ ਦੇ ਕਿਹੜੇ ਪਾਸੇ ਖੜ੍ਹੇ ਹਨ। ਅਸੀਂ ਸਾਰੀਆਂ ਲੇਖਕ ਜਥੇਬੰਦੀਆਂ, ਲੇਖਕਾਂ ਤੇ ਪਾਠਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਇਸ ਬਾਰੇ ਫਿਰ ਆਪਣੇ ਵਿਚਾਰ ਪੇਸ਼ ਕਰਨ।

ਸਾਧੂ

---

## ਸਥਾਈ ਕਾਲਮ

## ਖਬਰਾਂ ਤੇ ਸਿਆਸਤ

ਦੁਨੀਆਂ ਵਿਚ ਹਰ ਵਕਤ ਹਰ ਪਾਸੇ ਕਿੰਨੀਆਂ ਹੀ ਅਹਿਮ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕਿਸੇ ਵੀ ਥਾਂ ਦਾ ਮੀਡੀਆ, ਅਖਬਾਰਾਂ, ਰੇਡੀਓ, ਟੈਲੀਵਿਜ਼ਨ, ਸੱਭ ਆਪੋ ਆਪਣੀ ਸਿਆਸਤ ਮੁਤਾਬਕ ਉਹਨਾਂ ਘਟਨਾਵਾਂ ਦੀ ਚੋਣ ਕਰਦੇ ਹਨ। ਤੇ ਲੋਕਾਂ ਤੱਕ ਆਪਣੀ ਮਰਜ਼ੀ ਦੀਆਂ ਆਪਣੇ ਤਰੀਕੇ ਨਾਲ ਖਬਰਾਂ ਪਹੁੰਚਾਉਂਦੇ ਹਨ। ਇਹੋ ਗੱਲ ਕਨੇਡਾ ਅਮਰੀਕਾ ਦੇ ਮੀਡੀਏ ਬਾਰੇ ਵੀ ਠੀਕ ਹੈ। ਪਰ ਫਰਕ ਇਹਨਾਂ ਹੈ ਕਿ ਇਹ ਸਾਨੂੰ ਹਰ ਵਕਤ ਨਾਲ ਨਾਲ ਇਹ ਦਸਦੇ ਰਹਿੰਦੇ ਹਨ। ਕਿ ਜੋ ਕੁਝ ਇਹ ਪੇਸ਼ ਕਰਦੇ ਹਨ ਉਹਦੇ ਵਿੱਚ ਕੋਈ ਸਿਆਸਤ ਨਹੀਂ, ਇਨ੍ਹਾਂ ਦੀਆਂ ਖਬਰਾਂ ਸਿਆਸਤ ਤੋਂ ਬਿਨਾਂ ਕੋਈ ਹੋਰ ਅਟੱਲ ਸਚਾਈ ਦਰਸਾਉਂਦੀਆਂ ਹਨ। ਇਥੋਂ ਦੇ ਬੁਰਜੂਆ ਵਿਦਵਾਨ ਹਮੇਸ਼ਾਂ ਢੰਡੋਰਾ ਪਿੱਟਦੇ ਹਨ ਕਿ ਪੱਛਮ ਵਿੱਚ ਲੋਕ ਬਿਲਕੁਲ ਸਿਆਸੀ ਤੌਰ ਤੇ ਅਜ਼ਾਦ ਹਨ। ਇਥੇ ਕਿਸੇ ਕਿਸਮ ਦੀ ਕੋਈ ਆਈਡੀਓਲੋਜੀ ਨਹੀਂ ਹਰ ਕੋਈ ਵਿਅਕਤੀਗਤ ਤੌਰ ਤੇ ਆਪਣੀ ਮਨ ਮਰਜ਼ੀ ਦਾ ਸੋਚਦਾ ਹੈ। ਇਹ ਵਿਦਵਾਨ ਸਾਨੂੰ ਦਸਦੇ ਹਨ ਕਿ ਆਈਡਿਓਲੋਜੀ ਨਾਂ ਦੀ ਸ਼ੈਅ ਸਿਰਫ ਸਮਾਜਵਾਦੀ ਮੁਲਕਾਂ ਵਿੱਚ ਹੈ ਜਿਥੇ ਕਮਿਉਨਿਸਟ ਵਿਚਾਰਧਾਰਾ ਲੋਕਾਂ ਉਪਰ ਠੋਸੀ ਜਾਂਦੀ ਹੈ। ਪਰ ਸਚਾਈ ਇਹਨਾਂ ਦੀਆਂ ਇਨ੍ਹਾਂ ਗੱਲਾਂ ਤੋਂ ਬਿਲਕੁਲ ਉਲਟ ਹੈ। ਇਥੋਂ ਦੀਆਂ ਅਖਬਾਰਾਂ ਦੀ ਹਰ ਸਤਰ ਪਿਛੇ, ਟੈਲੀਵਿਜ਼ਨ ਉਪਰ ਦਿਖਾਈ ਹਰ ਤਸਵੀਰ ਪਿਛੇ, ਰੇਡੀਓ ਤੋਂ ਬੋਲੇ ਹਰ ਬੋਲ ਪਿਛੇ ਸਿਆਸਤ ਹੁੰਦੀ ਹੈ, ਆਈਡਿਓਲੋਜੀ ਹੁੰਦੀ ਹੈ। ਇਥੇ ਹਰ ਵਕਤ ਬੁਰਜੂਆ ਨਿਜ਼ਾਮ ਦੀ ਸਿਆਸਤ ਸਾਡੇ ਸਿਰਾਂ ਵਿੱਚ ਠੋਸੀ ਜਾਂਦੀ ਹੈ।

ਇਹਨਾਂ ਦਿਨਾਂ ਵਿੱਚ ਹੀ ਆ ਰਹੀਆਂ ਖਬਰਾਂ ਦੀਆਂ ਸੁਰਖੀਆਂ ਵੱਲ ਧਿਆਨ ਮਾਰਿਆਂ ਗੱਲ ਸਾਫ ਹੋ ਜਾਂਦੀ ਹੈ। ਪਿਛਲੇ ਸਾਲ ਕੁ ਤੋਂ ਪੋਲੈਂਡ ਵਿੱਚ ਹੋ ਰਹੀਆਂ ਘਟਨਾਵਾਂ ਦਾ ਇਥੋਂ ਦੇ ਮੀਡੀਏ ਵਿੱਚ ਇੰਨਾ ਰੌਲਾ ਹੈ ਕਿ ਕੋਈ ਵੀ ਦਿਨ ਅਜਿਹਾ ਨਹੀਂ, ਜਦ ਪੋਲੈਂਡ ਖਬਰਾਂ ਵਿੱਚ ਨਾਂ ਹੋਵੇ। ਪਿਛਲੇ ਕੁਝ ਦਿਨਾਂ ਤੋਂ ਤਾਂ ਖਬਰਾਂ ਹੀ ਪੋਲੈਂਡ ਦੀਆਂ ਹਨ। ਦੂਜੇ ਪਾਸੇ ਸੈਂਟਰਲ ਅਮਰੀਕਾ ਦਾ ਇੱਕ ਛੋਟਾ ਜਿਹਾ ਮੁਲਕ ਐਲ ਸੈਲਵਾਡੋਰ ਹੈ ਜਿਥੇ ਪਿਛਲੇ ਇਕ ਦਹਾਕੇ ਤੋਂ ਲੋਕਾਂ ਤੇ ਹਕੂਮਤ ਦੀ ਲੜਾਈ ਚੱਲ ਰਹੀ ਹੈ। ਇਸ ਲੜਾਈ ਵਿਚ ਮਰਨ ਵਾਲਿਆਂ ਦੀ ਗਿਣਤੀ ਕਈ ਵਾਰੀ ਰੋਜ਼ ਹੀ ਸੈਂਕੜਿਆਂ ਤੋਂ ਵਧ ਜਾਂਦੀ ਹੈ ਪਰ ਇਥੋਂ ਦੀਆਂ ਅਖਬਾਰਾਂ ਵਿੱਚ ਸਿਰਫ ਕਦੀ ਕਦੀ ਐਲ-ਸੈਲਵਾਡੋਰ ਬਾਰੇ ਖਬਰ ਹੁੰਦੀ ਹੈ ਤੇ ਉਹ ਵੀ ਜਦੋਂ ਉਹਦਾ ਅਮਰੀਕਾ ਨਾਲ ਸਬੰਧ ਹੋਵੇ। ਇਸ ਲੜਾਈ ਵਿੱਚ ਅਮਰੀਕਾ ਸੱਜੇ ਪੱਖੀ ਡਿਕਟੇਟਰਸ਼ਿਪ ਜਿਹੜੀ ਕਿ ਪਿਛਲੇ ਪੰਜਾਹ ਸਾਲਾਂ ਤੋਂ ਲੋਕਾਂ ਤੇ ਸੰਗੀਨ ਦੀ ਨੋਕ ਨਾਲ ਰਾਜ ਕਰਦੀ ਰਹੀ ਹੈ ਦੀ ਪੂਰੀ ਹਮਾਇਤ ਕਰ ਰਿਹਾ ਹੈ। ਕੀ ਇਹਨਾਂ ਖਬਰਾਂ ਦੀ ਚੋਣ ਵਿੱਚ ਕੋਈ ਸਿਆਸਤ ਨਹੀਂ?

# ਅਲ ਸੈਲਵਾਡੋਰ

ਅਲ ਸੈਲਵਾਡੋਰ ਵਿੱਚ ਲੋਕ ਪੰਜਾਹ ਸਾਲਾਂ ਤੋਂ ਚਲੀ ਆ ਰਹੀ 'ਚੌਦਾਂ ਪਰਿਵਾਰਾਂ' ਦੀ ਡਿਕਟੇਟਰਸ਼ਿਪ ਤੋਂ ਪਿੱਛਾ ਛੁਡਾਉਣ ਲਈ ਤੜਪ ਰਹੇ ਹਨ। ਇਸ ਸਮੇਂ ਉਥੇ ਲੜਾਈ ਜ਼ੋਰਾਂ ਤੇ ਜਾਰੀ ਹੈ ਤੇ ਇਨਕਲਾਬੀ ਗੁਰੀਲਿਆਂ ਨੇ ਕਿੰਨੇ ਹੀ ਇਲਾਕਿਆਂ ਉਪਰ ਕਬਜ਼ਾ ਕੀਤਾ ਹੋਇਆ ਹੈ, ਤੇ ਅੱਗੇ ਵਧ ਰਹੇ ਹਨ। ਅਲ ਸੈਲਵਾਡੋਰ ਦੇ ਲੋਕਾਂ ਦੀ ਆਜ਼ਾਦੀ-ਲੜਾਈ ਬਹੁਤ ਲੰਬੀ ਹੈ। ਸੈਂਟਰਲ ਅਮੈਰਿਕਾ ਵਿੱਚ ਪਹਿਲੀ ਵਾਰੀ 1932 ਵਿੱਚ ਇਸ ਛੋਟੇ ਜਿਹੇ ਮੁਲਕ ਵਿੱਚ ਕਮਿਊਨਿਸਟ ਪਾਰਟੀ ਵਲੋਂ ਇਨਕਲਾਬ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਹੜੀ ਕਾਮਯਾਬ ਨਾਂ ਹੋ ਸਕੀ। ਮਸ਼ਹੂਰ ਇਨਕਲਾਬੀ ਫਰਾਬੰਦੋ ਮਾਰਤੀ ਇਸ ਘੋਲ ਵਿੱਚ ਸ਼ਹੀਦ ਹੋਇਆ ਸੀ। ਮਿਲਟਰੀ ਡਿਕਟੇਟਰ ਮਾਰਤੀਨੇਜ਼ ਨੇ ਤੀਹ ਹਜ਼ਾਰ (30,000) ਲੋਕਾਂ ਦਾ ਸ਼ਰੇਆਮ ਕਤਲ ਕੀਤਾ ਸੀ।

ਹੁਣ ਫੇਰ ਸੈਲਵਾਡੋਰ ਦੇ ਲੋਕ ਇਨਕਲਾਬ ਲਿਆਉਣ ਦੀ ਕੋਸ਼ਿਸ਼ 'ਚ ਹਨ ਤੇ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਡੁਆਰਟੇ ਦੀ ਕਮਜ਼ੋਰ ਤੇ ਭ੍ਰਿਸ਼ਟਾਚਾਰ ਸਰਕਾਰ ਤੇ ਫੌਜ ਕਿਸੇ ਤਰ੍ਹਾਂ ਦੀ ਰੋਕਣ ਦੇ ਕਾਬਲ ਨਹੀਂ। ਪਰ ਇਸ ਜ਼ਾਲਮ ਸਰਕਾਰ ਨੂੰ ਹੁਣ ਤੱਕ ਧਰਤੀ ਉੱਪਰ ਵਾਲੀ ਤਾਕਤ ਅਮਰੀਕਾ ਅੱਗੇ ਤੋਂ ਵੀ ਮਦਦ ਕਰਨ ਲਈ ਤਿਆਰ ਹੈ। ਅਮਰੀਕਾ, ਜਿਹੜੇ ਸੈਂਟਰਲ ਅਮਰੀਕਾ ਨੂੰ ਹਮੇਸ਼ਾਂ ਆਪਣੀਆਂ ਹੀ ਸਟੇਟਾਂ ਤੋਂ ਵੱਧ ਕੁੱਝ ਨਹੀਂ ਸਮਝਿਆ, ਹੁਣ ਨਹੀਂ ਚਾਹੁੰਦਾ ਕਿ ਸੈਲਵਾਡੋਰ ਵੀ ਨਕਾਰਾਗੂਆ ਦੇ ਹੀ ਰਾਹ ਜਾਵੇ। ਇਸ ਲਈ ਉਹ ਹਰ ਤਰ੍ਹਾਂ ਡੁਆਰਟੇ ਨਿਜ਼ਾਮ ਦੀ ਮਦਦ ਕਰ ਰਿਹਾ ਹੈ।

ਇਕ ਪਾਸੇ ਅਮਰੀਕਾ ਕਦੀ ਕਿਊਬਾ, ਕਦੀ ਨਕਾਰਾਗੂਆ ਤੇ ਕਦੀ ਕਿਸੇ ਉਪਰ ਇਹ ਇਲਜ਼ਾਮ ਲਾਉਂਦਾ ਹੈ ਕਿ ਉਹ ਸੈਲਵਾਡੋਰ ਦੇ ਇਨਕਲਾਬੀਆਂ ਨੂੰ ਮਦਦ ਦਿੰਦੇ ਹਨ। ਤੇ ਦੂਜੇ ਪਾਸੇ ਇਸ ਚੁਗਾਠੇ ਦੀ ਆੜ ਵਿੱਚ ਆਪ ਹਰ ਤਰ੍ਹਾਂ ਦੀ ਮੱਦਦ ਸਰਕਾਰ ਨੂੰ ਦੇ ਰਿਹਾ ਹੈ। ਇਨਕਲਾਬ ਨੂੰ ਰੋਕਣ ਦੇ ਬੜੇ ਅਜੀਬ ਤਰੀਕੇ ਅਮਰੀਕਾ ਦੀ ਮਦਦ ਨਾਲ ਵਰਤੇ ਜਾ ਰਹੇ ਹਨ। ਇੱਕ ਤਰੀਕਾ ਜਿਹੜਾ ਪਹਿਲਾਂ ਅਮਰੀਕਾ ਵਲੋਂ ਵੀਅਤਨਾਮ ਵਿੱਚ ਵਰਤਿਆ ਗਿਆ ਸੀ ਉਹ ਹੁਣ ਇਥੇ ਵਰਤਿਆ ਜਾ ਰਿਹਾ ਹੈ। ਇਸ ਤਰੀਕੇ ਮੁਤਾਬਕ ਸਰਕਾਰ ਪੇਂਡੂ ਇਲਾਕਿਆਂ ਵਿੱਚ ਜਾ ਕੇ ਇਹ ਐਲਾਨ ਕਰਦੀ ਹੈ ਕਿ ਉਹ ਜ਼ਮੀਨ ਵਾਹੁਣ ਵਾਲਿਆਂ ਨੂੰ ਦਿੱਤੀ ਜਾਵੇਗੀ।

ਇਹੋ ਜਿਹੇ ਇੱਕ ਵਾਕਿਆ ਦੀ ਰੀਪੋਰਟ ਅਮਰੀਕਾ ਵਿਚੋਂ ਨਿਕਲਦੇ ਇੱਕ ਪਰਚੇ 'NACLA-REPORT ON THE AMERICAS' ਦੇ ਜੁਲਾਈ-ਅਗਸਤ 1980 ਦੇ ਅੰਕ ਵਿੱਚ ਛਪੀ ਸੀ। ਇੱਕ ਅੱਖੀਂ ਡਿੱਠੇ ਬਿਆਨ ਮੁਤਾਬਕ ਸਰਕਾਰੀ ਪੁਲਿਸ ਨੇ ਇੱਕ ਪਿੰਡ ਵਿੱਚ ਜਾ ਕੇ ਲੋਕਾਂ ਨੂੰ ਕਿਹਾ ਕਿ ਅਸੀਂ ਹਲ ਵਾਹੁਣ ਵਾਲੇ ਨੂੰ ਜ਼ਮੀਨ ਦੀ ਮਾਲਕੀ ਦੇਵਾਂਗੇ। ਉਹਨਾਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਆਪਣੇ ਆਗੂ ਚੁਣ ਲਉ ਅਤੇ ਆਪਣੀ ਜ਼ਮੀਨ ਦਾ ਆਪ ਪ੍ਰਬੰਧ ਕਰੋ। ਲੋਕਾਂ ਨੂੰ ਇਸ ਦੀ ਬੜੀ ਹੈਰਾਨਗੀ ਤੇ ਖੁਸ਼ੀ ਹੋਈ ਉਹਨਾਂ ਨੇ ਉਸ ਰਾਤ ਆਪਣੇ ਆਗੂ ਚੁਣ ਲਏ। ਦੂਜੀ ਸਵੇਰ ਸਵੇਰੇ ਸਰਕਾਰੀ ਆਦਮੀ ਵਾਪਿਸ ਆਏ ਤੇ ਉਹਨਾਂ ਆਗੂਆਂ ਨੂੰ ਇੱਕ ਪਾਸੇ ਕਰਕੇ ਗੋਲੀ ਨਾਲ ਉਡਾ ਦਿੱਤਾ ਗਿਆ। ਜੋ ਅਮਰੀਕਾ ਦੀ ਮਦਦ ਨਾਲ ਪੇਂਡੂ ਇਲਾਕਿਆਂ ਵਿਚੋਂ ਇਨਕਲਾਬੀ ਆਧਾਰ ਨੂੰ ਖਤਮ ਕਰਨ ਲਈ ਇਹੋ ਜਿਹੇ ਤਰੀਕੇ ਵਰਤੇ ਜਾਂਦੇ ਹਨ। ਪਰ ਇਸ ਕਿਸਮ ਦੀਆਂ ਚਾਲ ਬਾਜ਼ੀਆਂ ਲੋਕਾਂ ਨੂੰ ਕਦੀ ਵੀ ਸਦਾ ਲਈ ਨਹੀਂ ਰੋਕ ਸਕਦੀਆਂ। ਅਲ ਸੈਲਵਾਡੋਰ ਦੇ ਲੋਕਾਂ ਨੇ ਅਣਗਿਣਤ ਤਸ਼ੱਦਦ ਸਹੇ ਹਨ। ਪਰ ਅਜੇ ਤੱਕ ਉਹਨਾਂ ਦੇ ਕਦਮ ਨਹੀਂ ਰੁਕੇ ਤੇ ਇਹਦੇ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਇਕ ਦਿਨ ਛੇਤੀ ਹੀ ਉਹ ਆਪਣੀ ਮੰਜ਼ਲ ਪਾ ਲੈਣਗੇ।

ਸਾਧੂ

# ਨਸਲੀ ਇਮੀਗਰੇਸ਼ਨ ਪਾਲਿਸੀ

ਹਿੰਦੁਸਤਾਨ ਤੋਂ ਸੈਰ ਲਈ ਆਉਣ ਵਾਲੇ ਲੋਕਾਂ ਉੱਪਰ ਹਿੰਦੁਸਤਾਨ ਤੋਂ ਵੀਜ਼ਾ ਲੈ ਕੇ ਆਉਣ ਦੀ ਸ਼ਰਤ ਲਗਾ ਕੇ ਕਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਵਿਰੁੱਧ ਆਪਣਾ ਨਸਲੀ ਵਤੀਰਾ ਫਿਰ ਸਪਸ਼ਟ ਕਰ ਦਿੱਤਾ ਹੈ। ਇਸ ਲਾਗੂ ਕੀਤੀ ਸ਼ਰਤ ਨੂੰ ਠੀਕ ਸਿੱਧ ਕਰਨ ਲਈ ਇਮੀਗਰੇਸ਼ਨ ਮਨਿਸਟਰ ਨੇ ਕਿਹਾ ਕਿ ਹਿੰਦੁਸਤਾਨ ਤੋਂ ਆਉਣ ਵਾਲੇ ਕੁੱਝ ਸਿੱਖ, ਵੀਜ਼ੇ ਬਿਨਾਂ ਆਉਣ ਦੀ ਖੁਲ੍ਹ ਦੀ ਗਲਤ ਵਰਤੋਂ ਕਰ ਰਹੇ ਸਨ। ਇਸ ਲਈ ਸਰਕਾਰ ਨੂੰ ਇਹ ਰੋਕ ਲਾਉਣੀ ਜ਼ਰੂਰੀ ਹੋ ਗਈ। ਜੇ ਹਿੰਦੁਸਤਾਨ ਤੋਂ ਆਉਣ ਵਾਲੇ ਕੁਝ ਲੋਕ ਇਸ ਖੁਲ੍ਹ ਦੀ ਗਲਤ ਵਰਤੋਂ ਕਰ ਰਹੇ ਸਨ ਤਾਂ ਇਮੀਗਰੇਸ਼ਨ ਡੀਪਾਰਟਮੈਂਟ ਨੂੰ ਚਾਹੀਦਾ ਸੀ ਕਿ ਉਹ ਇਥੇ ਆਉਣ ਵਾਲੇ ਅਜਿਹੇ ਬੰਦਿਆਂ ਬਾਰੇ ਪੂਰੀ ਜਾਂਚ ਪੜਤਾਲ ਕਰਦੀ ਅਤੇ ਜੇ ਇਹ ਸਿੱਧ ਹੋ ਜਾਂਦਾ ਕਿ ਫਲਾਣਾ ਬੰਦਾ ਇਸ ਕਨੂੰਨ ਦੀ ਗਲਤ ਵਰਤੋਂ ਕਰ ਰਿਹਾ ਹੈ ਉਸਨੂੰ ਵਾਪਸ ਕਰ ਦਿੰਦਾ। ਪੂਰੀ ਜਾਂਚ ਪੜਤਾਲ ਦੇ ਅਯੋਗ ਹੋਣ ਇਮੀਗਰੇਸ਼ਨ ਡਿਪਾਰਟਮੈਂਟ ਦੀ ਕਮੀ ਤਾਂ ਹੋ ਸਕਦੀ ਹੈ ਪਰ ਪੂਰੀ ਹਿੰਦੁਸਤਾਨੀ ਕੌਮ ਦੀ ਨਹੀਂ। ਆਪਣੀ ਕਮੀ ਨੂੰ ਢੱਕਣ ਲਈ ਪੂਰੀ ਹਿੰਦੁਸਤਾਨੀ ਕੌਮ ਉਪਰ ਅਜਿਹੀ ਰੋਕ ਲਾਉਣ ਨੂੰ ਕਿਸੇ ਵੀ ਤਰ੍ਹਾਂ ਠੀਕ ਨਹੀਂ ਕਿਹਾ ਜਾ ਸਕਦਾ।

ਇੱਕ ਪਾਸੇ ਕਨੇਡੀਅਨ ਸਰਕਾਰ ਭਾਰਤ ਤੋਂ ਆਏ ਵਿਜ਼ਟਰਾਂ, ਜਿਨ੍ਹਾਂ ਨੇ ਰੀਫਿਊਜੀ ਸਟੇਟਸ ਲੈਣ ਲਈ ਅਰਜ਼ੀਆਂ ਦਿੱਤੀਆਂ ਹਨ, ਨਾਲ ਬੜਾ ਭੈੜਾ ਸਲੂਕ ਕਰ ਰਹੀ ਹੈ। ਉਹਨਾਂ ਨੂੰ ਜੇਲ੍ਹਾਂ 'ਚ ਬੰਦ ਕੀਤਾ ਗਿਆ ਹੈ। ਦੂਜੇ ਪਾਸੇ ਪੋਲੈਂਡ ਤੋਂ ਆਉਣ ਵਾਲੇ ਲੋਕਾਂ ਨੂੰ ਖੁਦ ਅਵਾਜ਼ਾਂ ਮਾਰ ਰਹੀ ਹੈ। ਇਸ ਤੋਂ ਇੱਕ ਸ਼ੱਕ ਜਿਹਾ ਉੱਠਦਾ ਹੈ ਕਿ ਕਨੇਡੀਅਨ ਸਰਕਾਰ ਪੋਲੈਂਡ ਤੋਂ ਆਉਣ ਵਾਲੇ ਰੀਫਿਊਜੀਆਂ ਨੂੰ ਕਨੇਡਾ ਵਿੱਚ ਰਹਿਣ ਦੀ ਇਜਾਜ਼ਤ ਦੇ ਕੇ ਅਤੇ ਉਹਨਾਂ ਦੀਆਂ ਮੁਲਾਕਾਤਾਂ ਅਖਬਾਰਾਂ, ਰੇਡੀਓ ਅਤੇ ਟੀ. ਵੀ ਉਪਰ ਪੇਸ਼ ਕਰ ਇਹ ਪੋਲੈਂਡ ਦੀ ਸਮਾਜਵਾਦੀ ਸਰਕਾਰ ਅਤੇ ਸਾਰੀ ਸਮਾਜਵਾਦੀ ਲਹਿਰ ਵਿਰੁੱਧ ਪ੍ਰਚਾਰ ਕਰ ਸਕਦੀ ਹੈ।

ਜਦੋਂ ਤੋਂ ਭਾਰਤੀਆਂ ਉੱਪਰ ਵੀਜ਼ੇ ਦੀ ਰੋਕ ਲਾਈ ਗਈ ਹੈ ਉਸ ਸਮੇਂ ਤੋਂ ਕਨੇਡਾ ਵਿੱਚ ਰਹਿ ਰਹੇ ਭਾਰਤੀਆਂ ਨੇ ਮਾਂਟਰੀਆਲ, ਟਰਾਂਟੋ, ਵੈਨਕੂਵਰ ਵਿੱਚ ਵਿਸ਼ਾਲ ਮੁਜ਼ਾਹਰੇ ਕੀਤੇ ਹਨ। ਇਹ ਬੜੀ ਖੁਸ਼ੀ ਦੀ ਗੱਲ ਹੈ। ਕਾਮਾਗਾਟਾਮਾਰੂ ਤੋਂ ਲੈ ਹੁਣ ਤੱਕ ਜਿੰਨੇ ਵੀ ਹੱਕ ਅਸੀਂ ਇਮੀਗਰੇਸ਼ਨ ਕਾਨੂੰਨ ਵਿੱਚ ਪ੍ਰਾਪਤ ਕੀਤੇ ਹਨ, ਉਹਨਾਂ ਲਈ ਸਾਨੂੰ ਘੋਲ ਲੜਨੇ ਪਏ ਹਨ ਅਤੇ ਅਗਾਂਹ ਨੂੰ ਵੀ ਕਿਸੇ ਤਰ੍ਹਾਂ ਦਾ ਹੱਕ ਸਾਨੂੰ ਘੋਲ ਲੜਿਆਂ ਬਿਨ੍ਹਾਂ ਪ੍ਰਾਪਤ ਨਹੀਂ ਹੋਣਾ। ਇਸ ਲਈ ਇੱਕਠੇ ਹੋ ਇਸ ਰੋਕ ਵਿਰੁੱਧ ਲੜਨਾ ਅਤਿ ਜ਼ਰੂਰੀ ਹੈ।

ਸੁਖਦੇਵ ਹੁੰਦਲ

## ਨਿੱਕੇ ਨਿੱਕੇ ਪਰਿੰਦਿਆਂ ਨੂੰ ਸੁਨੇਹਾ

ਸੁਰਜੀਤ ਧਗਾੜ

ਸੁਨਹਿਰੀ ਬੇਸ਼ਰਮ ਤੋਤੇ
ਪਿੰਡਾਂ ਦੀਆਂ ਨਿੰਮਾਂ ਤੇ ਆਬੈਠੇ ਹੋਣਗੇ
ਤੇ ਵਹਿਸ਼ੀ ਸੀਟੀਆਂ ਵਜਾਉਂਦੇ ਹੋਣਗੇ।
ਮੋਰਾਂ ਦੀ ਪੈਲ ਫ਼ਸਾਦਾ ਹੈ
ਨੀਲੀ ਬਦਮਾਸ਼ੀ ਹੈ - ਹੁੰਦੀ ਰਹੇਗੀ।
ਚਿੱਟੇ ਬਗਲੇ - ਜੋ ਅੱਖਾਂ ਮੀਟੀ
ਤੱਪਸ ਦਿਖਾਉਂਦੇ ਪੈਂਦੇ ਹਨ।
ਧੋਖਾ ਦੇਂਦੀ ਹੈ: ਇਹ ਸਦੈਵ ਏਧਰੀ ਬਾਜ਼ੇ ਮਰਾੜੀ
ਤੋਤਾਂ-ਮੱਛੀਆਂ ਦੇ ਵਪਾਰੀ।
ਕਾਂ ਤੇ ਗਟਾਰਾਂ ਬੇਸ਼ੁ-ਰਰੂਪ
ਨੇ ਬੋਰਗਾਣ ਦੀ ਕਾਲਸਾ ਤੱਕਦੀਆਂ
ਅਧਾਰੀਆਂ ਦੇ ਚੌਦ ਨੌਕਰੀਆਂ ਕਰਿਣਗੀਆਂ।
ਬਾਜ਼ਾਂ ਦਾ ਕੰਮ ਹੈ ਦਿਨ-ਦੀਵੀ ਡਾਕਾ
ਇਹ ਸ਼ਿੱਟਤ ਨਾਲ ਪੈਂਦਾ ਰਹੇਗਾ-
ਤੇ ਉਲੂ ਰਾਤਾਂ ਤੇ ਕਾਬਜ਼ ਹੋਣਗੇ।
ਇਸ ਅਜੀਬ ਨਗਰੀ ਤੇ
ਚੌਪਟ ਮਹਾਂਰਾਣੀ ਦਾ ਰਾਜ ਹੈ
ਖ਼ੂਨਰੀ ਦੀ ਥਾਂ ਇਹ ਅਵਲਤੀ ਨੂੰ
ਪਹਿਲ ਦਿੰਦੀ ਹੈ
ਗੋਲ ਕਬੂਤਰਾਂ ਚਿੜੀਆਂ ਦੇ ਖੰਭ ਪੁਟਕੇ
ਪਿੰਜਰੇ ਬੰਦ ਕਰਨਾ, ਫਿਰ ਖਾਣਾ
ਇਸਦੀ ਵਿਰਾਸਤ ਹੈ।
ਨਿੱਕੇ ਨਿੱਕੇ ਪਰਿੰਦਿਓ।
ਤੁਹਾਡੀ ਸਹਿਰੀ ਰੂਪ ਉਹਨਾਂ ਲਈ ਖੂਬਸੂਰਤੀ ਹੈ
ਕੀ ਹੱਥਾਂ ਲਈ
ਮਿੱਠੀ ਵਿਰਤ ਦੇ ਉਜਾੜੇ ਪੈਂਦੇ ਹੋਣਗੇ
ਕਿਉਂ ਨਹੀਂ ਸਮੇਂ ਦੇ ਸੰਗ ਦੇ ਤੇਜ਼ ਧਾਰ ਕੇ
ਚੌਪਟ ਰਾਣੀ ਦੀਆਂ ਅੱਖਾਂ ਵਿੰਨ੍ਹਦੇ -
ਤੁਹਾਡੀ ਸੁੱਚੀ ਮਿਹਨਤ ਦੇ ਨਾਲ ਇੱਥੇ
ਮਿੱਠ ਮਿੱਠ ਲੀਰਾਂ ਸਮਝਦੀਆਂ ਹਨ।
ਅਕਸਰ ਕਿਉਂ? -
ਨਿੱਕੇ ਨਿੱਕੇ ਪਰਿੰਦਿਓ !
ਇੱਜ਼ਤੀ ਅਮਰਤ ਵਹੇ
ਤੇ ਦਾਜਦਾਂ ਦੇ ਚਿੱਤੀਂ ਖੁੱਤੇ
ਕਾਮਨੀ ਜ਼ਰਦੇ ਰੂਹਿਨ 'ਚ ਭੁੱਤੇ
ਭੁੱਤੇ ! ਇੱਜ਼ਤ ਕਰੋ
ਖੁਸ਼ੀਦ ਰੋਵੇ ! ਗੁੰਗਣਾਹਟੀ ਦੀ ਫਿਰਨ ਥਾਂਏ
ਨਵੀਂ ਜ਼ਿੰਦਗੀ ਜ਼ਿਉਣ ਦੀ
ਲੋਕਾਂ ਲਈ ਸਫ਼ਰ ਬਣੇ -
ਤੁਸੀਂ ਭਲੀ ਭਾਂਤ ਜਾਣਦੇ ਓ
ਕਬੂਤਰਾਂ ਦਾ 'ਕੱਠ ਜਾਲ ਲੈ ਕੇ ਉੱਡ ਗਿਆ ਸੀ
ਤੇ ਸ਼ਿਕਾਰੀ ਵੇਖਦਾ ਰਹਿ ਗਿਆ ਸੀ
ਕੱਲੇ ਕੱਲੇ ਆਪਣਾ ਘਾਣ ਨਾ ਕਰਾਓ
ਨਿੱਕੇ ਨਿੱਕੇ ਪਰਿੰਦਿਓ !
ਸਫ਼ਰ ਪੂਰਬ ਤੋਂ ਸ਼ੁਰੂ ਕਰੋ
ਸੱਭ ਰੰਗਾਂ ਖੰਭਿਆਂ ਦੀ ਮੇਰ-ਤੇਰ ਮੁਕਾਓ
ਪੱਛਮ - ਉੱਤਰ - ਦੱਖਣ ਤੱਕ ਫੈਲ ਜਾਓ
'ਗਲੇਵ' ਤੁਹਾਡੀ ਪਰਵਾਜ਼ ਅਧੀਨ
ਹੋਣਾ ਚਾਹੀਦਾ ਹੈ -
ਕੁਝੋਲ ਤੁਹਾਡੇ ਹੱਥਾਂ ਦਾ ਰਕਬਾ
ਹੋਇਆ ਹੋਣਾ ਚਾਹੀਦਾ ਹੈ -
ਮਹਾਂਬੀ ਉਸਾ ਦੀਆਂ ਸੁੱਖਮਣੀ ਕਿਰਨਾਂ
ਸਮੁੱਚੇ ਸੰਸਾਰ ਨੂੰ ਦੇਵੋ
ਤੇ ਇਹ ਸੰਗ - ਇਸਦੇ ਸਾਧਨ
ਤੁਹਾਡੇ ਆਪਣੇ ਹਨ - ਤੁਹਾਡੇ ਆਪਣੇ,
ਤੁਹਾਡੇ ਹੱਥਾਂ ਦਾ ਕ੍ਰਿਸ਼ਮਾ ਹੈ ਹਰ ਰਕਨਾ
ਇਹ ਹੱਕ ਚੌਪਟ ਰਾਣੀ ਦਾ ਕਿਉਂ ?
ਸੰਗ ਤੁਹਾਡਾ ਮਾਣ ਹੈ
ਹੁਣ ਤੁਸੀਂ ਸਿਰਾਂ ਤੋਂ ਪਾਣੀ ਨਾਂ ਵਹਿਣ ਦਿਓ
ਸਮਾਂ ਮੰਗ ਕਰਦਾ ਹੈ
ਕਿ ਤੋਤੇ - ਮੋਰ - ਇੱਲ੍ਹਾਂ - ਬਗਲੇ - ਬਾਜ਼
ਕਾਂ - ਗਟਾਰਾਂ — ਤੇ ਚੌਪਟ ਮਹਾਂਰਾਣੀ
ਤੋਂ ਨਿਜਾਤ ਮੰਗੋ .......। ਸਮਾਂ ਮੰਗ ਕਰਦਾ ਹੈ।

●

## ਕੱਚੇ ਕੂੰਏ ਕਾਹਤੋਂ ਜਾਣੇ ਤੋੜੇ ?

ਹਰਜੀਤ ਫੇਪਰੀਆ

ਕੈਸੇ ਸਮਿਆਂ ਤੋਂ ਕੱਚੇ ਕੂੰਏ ਜਾਂਦੇ ਤੋੜੇ
ਫੁੱਟਦਿਆਂ ਸਿੱਕਦੇ ਨੀਰ, ਪੈਂਦੇ ਵਿਛੋੜੇ
ਕੋਕੇ - ਕੁਸੈਲੇ ਮਾਂ - ਮਹੁਰੇ ਕੱਚੀ ਉਮਰੇ ਫੁੱਟ
ਕੇ ਵਿਰਕਾਂ ਨੇ ਵਗਾਹ ਕੇ ਸੁੱਟੇ।

ਕਰੁੱਤੇ ਰੁਖਾਂ ਦੇ ਵਣਜ ਚੋਂ
ਕਿੰਨ੍ਹਾਂ ਨੇ ਕਿੰਨ੍ਹਾਂ ਦੇ ਹੱਥ ਡੰਗੇ ?
ਕਿੰਨ੍ਹਾਂ ਨੇ ਕਿੰਨ੍ਹਾਂ ਦੇ ਸਾਹ ਡੰਗੇ ?
ਕੌਣ ਕਿੰਨ੍ਹਾਂ ਦੇ ਤੱਕਣਾਂ ਦੇ ਤੋੜੇ ?
ਕੀਹਦੇ ਪਲਲੇ ਭਾਰੀ ਹੋ ?

ਫੈਲਤੇ - ਜਾਗੀਰੇ ਬਣੇ ਹਕਾਰੇ
ਦੇਹਰੇ ਚੌਂਕੇ ਲੱਖੇ - ਸਰਦਾਰੇ
ਜਿਹੜੇ ਇੰਨ੍ਹਾਂ ਸੰਗ ਖੜ੍ਹੇ
ਉਹ ਧਣ ਕਰਕੇ ਨਿੰਮੇ ਚੜ੍ਹੇ।

ਅਗਾਂਹ ਵਧੂ ਪੰਡਾਲਾਂ ਹੇਠਾਂ
ਲੁੱਕਚੂਪੇ ਦੀਆਂ ਖੇਡਣ ਰਾਸਾਂ
ਖ਼ੂਨਰੀ ਸੀਮ ਬਣਾਤਾ ਉਹਨੇ
ਅਸ਼ਲੀਲਤਾ ਦੀਆਂ ਲੱਗਣ ਨੁਮਾਇਸ਼ਾਂ।

ਪਾਰਖੂਆਂ ਨੇ ਅੱਖ ਚਲਾਮ ਕੇ
ਜ਼ਿੰਦਗੀ ਦਾਲ ਚੋਂ ਦਾਣਾ ਟੋਹਿਆ
ਤਾਂ ਸ਼ਪਸ਼ਟ ਹੋਇਆ
ਕਿਹੜਾ ਕਿਹੜੀ ਦਾ ਧਣ ਕੇ ਖਲੋਇਆ ?
ਕਿਹੜਾ ਕਿਹੜੀ ਦਾ ਧਣ ਕੇ ਮੋਇਆ ?
ਕੌਣ ਕਿੰਨਾਂ ਤੋਂ
ਸੰਗਰਾਮੀਂ ਥਾਲ ਦੀਆਂ ਲੈਣ ਪ੍ਰੇਰਨਾਵਾਂ
ਕੌਣ ਕਿੰਨਾ ਲਈ
ਕਰਨ ਦਹਿਰ ਦੀਆਂ ਸ਼ੁਭ ਕਾਮਨਾਵਾਂ !!

●

## ਮੈਂ ਸੋਚਦਾ ਹਾਂ

ਰਣਜੀਤ ਕੈਮਲ

ਤੇਰੀ ਇੱਕ ਵੇ-ਰੁਖ਼ੀ ਦਾ ਅਕਸਰ
ਖ਼ੁਦਕਸ਼ੀ ਦੇ ਸ਼ਬਦ ਨੂੰ ਜਨਮ ਦੇਣਾ ਜੀ ਤਾਂ ਹੈ।
ਜ਼ਿੰਦਗੀ ਦੇ ਮਾਰੂਥਲ 'ਚ
ਤੜਫਦਾ ਇੱਕ ਅੱਖਰ,
ਹਰ ਵਾਰ ਆਤਮ ਘਾਤ ਕਰ ਲੈਂਦਾ ਹੈ।
ਤੇਰੇ ਹੋਠਾਂ 'ਚੋਂ ਕਿਰਿਆ ਪਿਆਰ ਅੱਖਰ,
ਹੁਣ ਅਰਥ ਹੀਣ ਜਿਹਾ ਲੱਗਦਾ ਹੈ
ਤੇਰੇ ਹੋਠਾਂ ਦੀ ਲਾਲੀ,
ਜ਼ਿੰਦਗੀ ਦੀ ਰਹਿਲੀਕ ਤੇ ਫੁਲਕਾਰਾ।
ਸੰਧਰਾਂ ਦਾ ਲਹੂ ਲੱਗਦਾ।
ਇੱਕ ਅੱਖਰ,
ਅੱਖਰ ਸੰਗ ਮਿਲ,
ਅੱਖਰਾਂ ਦਾ ਕਾਫ਼ਲਾ ਜੋ ਤੁਰਦਾ।
ਜ਼ਿੰਦਗੀ ਦੇ ਥੱਲੇ 'ਚ,
ਤੇਰੀ ਵੇ ਰੁਖ਼ੀ,
ਮੇਰੇ ਜਜ਼ਬੇ ਇੱਕ ਭਰਮ ਨੂੰ,
ਜਨਮ ਦਿੰਦੀ ਹੈ।
ਹਰ ਲੋਚ ਮੇਰੀ,
ਤੇਰੇ ਪ੍ਰਤੀ ਅਰਥਹੀਣ ਤੇ ਨਿਰਦਾਰ ਭਾਸਦੀ ਹੈ।
ਸੋਚਦਾ ਹਾਂ
ਕਰ ਅੱਖਰਾਂ ਦਾ ਕਾਫ਼ਲਾ
ਤੇਰੀ ਵੇ-ਰੁਖ਼ੀ ਦੇ ਪ੍ਰਭਾਵ ਨੂੰ,
ਖ਼ੁਦਕਸ਼ੀ ਦੇ ਅੱਖਰਾਂ ਤੋਂ ਨਿਰਲੇਪ
ਆਪਣੇ 'ਚ ਸਮੇਟ
ਨੈਣੀ ਸਜਕ ਤੇ
ਉੱਗਲੀ ਲਾ ਤੁਰ ਪਏਗਾ।

●

## ਗ਼ਜ਼ਲ

ਕੁਲਦੀਪ ਜਗਰਾਉਂ

ਭਾਵੇਂ ਬੰਧਕ ਕੀਮ ਗਿਆ ਹੈ ਅਜੇ ਮਿਟੀ ਨਾਂ ਭੁੱਖ ਓ ਯਾਰ।
ਕੋਠੇ ਇਕੱਠੇ ਹੁੰਦੇ ਜਾਂਦੇ ਗਿਰਝਾਂ ਦੇ ਸੱਤ ਝੁੰਡ ਓ ਯਾਰ।
ਜੇ ਕਰ ਸਾਡਾ ਸਾਥ ਨਿਭਾਉਣੈਂ ਖਹਿੜਾ ਛੱਡ ਦੇ ਦੋ ਚਿੱਤੀ ਦਾ,
ਇਸ਼ਕ 'ਚ ਧੁਖ ਕੇ ਨਰਕਦਾ ਪੰਛੀ ਮੂੰਹ 'ਤੋਂ ਲਾਟ ਕੇ ਪੁੱਤ ਓ ਯਾਰ।
ਆ ਉਹਨਾਂ ਰੁੱਖਾਂ ਦੀ ਲਈਏ ਸਾਰ ਮਿਲ ਕੇ ਯਾਰ ਅਸੀਂ
ਜਿਹੜੇ ਰੁੱਖਾਂ ਤਾਂਈਂ ਕਰ ਗਈ ਨ੍ਹੇਰੀ ਰੁੰਡ-ਮਰੁੰਡ ਓ ਯਾਰ।
ਝੂਠੇ ਕੂੜੇ ਢੌਂਗ ਅਸਾਡੇ ਮੁਰਝਾਏ ਨਾਂ ਅੱਧ ਖਿੜੇ
ਫਾਹ ਕਸ ਕਿਰਨਾਂ ਦੇ ਉਮਰਾਂ ਨੇਰੇ ਤਾਈਂ ਝੰਡ ਓ ਯਾਰ।
ਹਰ ਪਰਬਤ ਦਾ ਚੀਰ ਕੇ ਸੀਨਾ ਅੱਗੇ ਕਦਮ ਵਧਾਉਂਦਾ ਜਾ
ਤੈਨੂੰ ਜਿੱਤ ਉਡੀਕ ਰਹੀ ਹੈ ਛੱਡਦੇ ਸੁਪਨੇ ਛੁੱਟ ਓ ਯਾਰ।
ਪਾਂਥੀ ਦਾਂਗ ਇਹਿਆਸ ਰਹੇ ਜੋ ਪੀ ਕੇ ਮਦ ਮਗਰੂਰੀ ਦੀ
ਏਕੇ ਦੀ ਤਿਰਸ਼ੂਲ ਚਲਾ ਕੇ ਦਿਉ ਉਹਨਾਂ ਦੇ ਮੂੰਡ ਓ ਯਾਰ।
ਆਸ਼ੂਆਂ ਦੇ ਫੁੱਲ ਤੈਨੂੰ ਇਹ ਕੁਲਦੀਪ ਵੰਗਾਰ ਰਹੇ,
ਫੜ ਸ਼ਮਸ਼ੀਰ ਕਲਮ ਦੀ ਹੱਥ ਵਿੱਚ ਲੈਣਾ ਨੂੰ ਨਾਂ ਭੁੱਲ ਓ ਯਾਰ।

•

## ਗ਼ਜ਼ਲ

ਕੁਲਬੀਰ ਪੱਤੜ

ਕੋਈ ਕਹੇ ਇਹ ਹੈ ਤਕਦੀਰ ਦੀ ਗੱਲ।
ਕਿਸੇ ਆਖਿਆ ਸਭ ਤਦਬੀਰ ਦੀ ਗੱਲ।
ਜੋ ਵੀ ਹੈ, ਨਾਂ ਅਸਾਂ ਦਾ ਜ਼ਿਕਰ ਆਊ,
ਸਾਡੇ ਲਈ ਇਹ ਜਾਮ ਅਖ਼ੀਰ ਦੀ ਗੱਲ।
ਤੂੰ ਜੋ ਹੱਸਕੇ ਗੈਰ ਦੇ ਨਾਲ ਕੀਤੀ,
ਸਾਡਾ ਵਿੰਨ੍ਹ ਗਈ ਕਾਲਜਾ ਚੀਰਦੀ ਗੱਲ।
ਸਾਡਾ ਰੱਖ ਲੈ ਕੋਠੜੀਏਂ ਆਣ ਇਕ ਦਿਨ,
ਆਖਿਰ ਕੀ ਹੈ ਇਕ ਤਸਵੀਰ ਦੀ ਗੱਲ।
ਕਿੱਸਾ ਹੀਰ ਦਾ ਸੁਣਦੇ ਸੁਣੌਂਦੇ ਸਾਰੇ,
ਕੋਈ ਸੁਣੇ ਨਾ ਰਾਂਝਾ ਹੀਰ ਦੀ ਗੱਲ।
ਸਮਝਾ ਸੁਕਿਆ ਆਸ਼ਿਆਂ ਤੋਰ ਖੋਲ੍ਹੇ,
ਨਸੇਵੰਦੀ ਸੀ ਇਕ ਤਕਦੀਰ ਦੀ ਗੱਲ।
ਗੱਲ ਅੱਖ ਤੋਂ ਤੁਰੀ ਤੇ ਅੰਤ ਪਹੁੰਚ ਗਈ,
ਤੇਰੇ ਤੀਰ ਦੀ ਗੱਲ, ਸਾਡੇ ਨੀਰ ਦੀ ਗੱਲ।
ਰਲਕੇ ਪਹਿਰਾ ਜ਼ੋਰਾਂ ਦੀ ਆਰ ਸਾਰੇ,
ਗੱਲ ਗੱਲ ਤੋਂ ਤੁਰੂ ਕੁਲਬੀਰ ਦੀ ਗੱਲ।

•

## ਨਜ਼ਮ

ਦਵਿੰਦਰ ਕੌਰ ਜੇਜੂ

ਬੇਸ਼ਕ ਤਹਿਖ਼ਾਨਿਆਂ 'ਚ ਬੰਦ ਬੈਠੀ ਰਹੀ ਹੈ ਜ਼ਿੰਦਗੀ,
ਪਰ ਹੈ ਬੜੀ ਮਹਿੰਗੀ, ਸਰਦਾਰ ਜਿਹੀ, ਜ਼ਾਲਿਮ ਜਿਹੀ,
ਮੇਰੀ ਜ਼ਿੰਦਗੀ।
ਕੁੱਝ ਡੰਗਦੀ ਏ, ਤੇ ਕੁੱਝ ਸਿਤਾਰਦੀ ਏ,
ਲਗਦਾ ਏ ਐਸੀ ਜਿਹੀ ਟੁਰਨ ਲੱਗੀ ਹੈ ਜ਼ਿੰਦਗੀ।
ਬੇਸ਼ਕ - ਦਿਲ ਹਰ ਵਕਤ ਤਿੜਕ ਤਿੜਕ ਭੁਰਿਆ ਹੈ।
ਬੇਸ਼ਕ - ਆਪਾ ਹੀ ਸਾਲਾਂ ਦੀ ਚਾਦਰ ਤੇ
ਸਾਥਣ ਬਣ ਪਸਰਿਆ ਹੈ।
ਪਰ ਹੁਣ ਤੱਕ ਤਾਂ ਸੀ ਜਿਉਣ ਦੇ ਆਸਾਰ ਟੁੱਟਦੇ ਰਹੇ,
ਸਦਾ ਮੈਂ ਤੇ ਮੇਰਾ ਦਿਲ ਹੀ ਆਪਸ ਵਿੱਚ ਰੁਸਦੇ ਰਹੇ।
ਸ਼ਾਇਦ ਲਗਦਾ ਹੈ - ਹੁਣ ਜ਼ਿੰਦਗੀ ਸੂਖਮ ਬਣੀ ਹੈ।
ਜਿਉਂ ਮੇਰੀਆਂ ਸੋਚਾਂ ਦੇ ਸਮਾਧੇ 'ਚ ਕੋਈ ਕੈਸੀ,
ਅੱਧਰਕ ਉਡੀ ਹੈ।
ਲੱਗਦਾ ਸੀ ਸਦਾ ਭੁੱਖੀ ਰਹਿੰਦੀ ਕਬਾਬ ਹੈ ਜ਼ਿੰਦਗੀ।
ਪਰ ਹੁਣ ਇਉਂ ਲਗਦਾ ਹੈ ਜਿਉਂ ਉੱਡੀ ਰਕਾਬ ਹੈ ਜ਼ਿੰਦਗੀ।

•

# ਜੂਠੀ ਪਲੇਟ

ਸੁਖਦੇਵ ਟੋਹਲ

ਉਹ ਰਸੋਈ ਵਿਚ ਪਕੌੜੇ ਤਲ ਰਹੀ ਸੀ। ਬੈਠਕ ਵਿਚ ਉਸਦਾ ਪਤੀ ਅਤੇ ਉਸਦੇ ਦੋਸਤ ਤਾਸ਼ ਖੇਡ ਰਹੇ ਸਨ। ਬੇਗੀ, ਬਾਦਸ਼ਾਹ, ਯੱਕੇ ਨੂੰ ਤਿੰਨ ਦੁੱਕੀਆਂ ਜਿੱਤ ਰਹੀਆਂ ਸਨ। ਡਾਲਰ ਇਕ ਤੋਂ ਦੂਜੇ, ਦੂਜੇ ਤੋਂ ਤੀਜੇ ਵਲ ਸਫ਼ਰ ਕਰ ਰਹੇ ਸਨ। ਜੋ ਹਾਰਦਾ ਉਹ ਪੈਗ ਇਕੋ ਸਾਹ ਖ਼ਾਲੀ ਕਰ ਦਿੰਦਾ, ਜੋ ਜਿਤਦਾ ਉਹ ਘੁਟੋਘੁਟੀ ਪੀ ਸ਼ਰਾਬ ਦਾ ਮਜ਼ਾ ਲੈਂਦਾ।

"ਮਿੰਦੂਰ ਆਹ ਪਕੌੜੇ ਲਿਆਈਂ" ਉਸਦੇ ਪਤੀ ਦੀ ਅਵਾਜ਼ ਆਈ। ਉਹ ਪਕੌੜਿਆਂ ਦੀ ਪਲੇਟ ਭਰ ਬੈਠਕ ਵਿਚ ਗਈ। ਪਤੀ ਦੇ ਦੋਸਤਾਂ ਉਹਨੂੰ ਸਤ ਸ੍ਰੀ ਅਕਾਲ ਬੁਲਾਈ।

"ਕੁਲਦੀਪ ਦਾ ਕੀ ਹਾਲ ਹੈ" ਉਸ ਇਕ ਤੋਂ ਉਸਦੀ ਪਤਨੀ ਬਾਰੇ ਪੁੱਛਿਆ।

"ਠੀਕ ਹੈ। ਮਜ਼ੇ 'ਚ ਹੈ ਘਰ" ਉਸ ਜੁਆਬ ਦਿੱਤਾ।

ਉਸ ਦੂਜਿਆਂ ਤੋਂ ਉਨ੍ਹਾਂ ਦੀਆਂ ਪਤਨੀਆਂ ਬਾਰੇ ਨਹੀਂ ਪੁੱਛਿਆ। ਉਹਨੂੰ ਪਤਾ ਸੀ, ਉਹ ਮਜ਼ੇ ਵਿਚ ਹੋਣਗੀਆਂ-ਘਰ। ਉਹ ਮੁੜ ਰਸੋਈ ਵਿਚ ਆ ਗਈ। ਪਕੌੜੇ ਉਹ ਤਲ ਚੁੱਕੀ ਸੀ। ਸਬਜ਼ੀ ਕੱਟਣ ਲੱਗੀ। ਸਬਜ਼ੀ ਕੱਟਦੀ ਕੱਟਦੀ ਪਤਾ ਨਹੀਂ ਕਦੋਂ ਉਹ ਬੀਤੇ ਬਾਰੇ ਸੋਚਣ ਲਗੀ।

ਉਹ ਤੇਰ੍ਹਵੀਂ ਵਿਚ ਸੀ ਉਦੋਂ, ਜਦੋਂ ਉਨ੍ਹਾਂ ਦੇ ਘਰ ਉਸਦੇ ਵਿਆਹ ਬਾਰੇ ਗੱਲ ਚੱਲੀ ਸੀ। ਇਹ ਸੁਣ ਉਸਦੇ ਮਨ ਵਿਚ ਨਵੀਆਂ ਸੱਧਰਾਂ ਅਤੇ ਸੋਚਾਂ ਨੇ ਪੁੰਗਰਣਾ ਸ਼ੁਰੂ ਕੀਤਾ। ਉਹਦੇ ਦਿਮਾਗ਼ ਵਿਚ ਇਕ ਸੋਹਣੀ ਸੁਨੱਖੀ ਸੂਰਤ ਉਭਰਨ ਲੱਗੀ। ਉਹ ਸੂਰਤ ਉਸਨੂੰ ਬੜੀ ਪਿਆਰੀ ਲਗਦੀ। ਉਹ ਆਪਣੇ ਆਪ ਨੂੰ ਇਸ ਸੋਹਣੀ ਸੂਰਤ ਪਿੱਛੇ ਲਾਵਾਂ ਲੈਂਦੀ ਵੇਖਦੀ। ਫੇਰ ਉਹ ਕਾਰ ਵਿਚ ਬੈਠ ਉਸਦੇ ਨਾਲ ਉਸਦੇ ਘਰ ਜਾਂਦੀ। ਇਕ ਸਜੇ ਹੋਏ ਕਮਰੇ ਵਿਚ ਬੈਠ ਉਹ ਉਸ ਸੂਰਤ ਨੂੰ ਉਡੀਕਦੀ: ਲੰਮੀ ਉਡੀਕ ਬਾਅਦ ਉਹ ਸੂਰਤ ਉਸਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਅੰਦਰ ਆਉਂਦੀ। ਉਹ ਉਸ ਤੇ ਇਕ ਸੰਗਦੀ ਨਜ਼ਰ ਸੁੱਟ ਨੀਵੀਂ ਪਾ ਲੈਂਦੀ। ਸੂਰਤ ਪਲੰਘ ਤੇ ਬੈਠ ਜਾਂਦੀ। ਉਸਦੀ ਠੋਡੀ ਫੜ ਮੂੰਹ ਆਪਣੇ ਵਲ ਘੁਮਾਉਂਦੀ। ਉਸਦੇ ਹੋਠ ਉਸਦੇ ਹੋਠਾਂ ਵਲ ਵਧਦੇ। ਇਥੋਂ ਤਕ ਸੋਚ ਉਹ ਸ਼ਰਮਾ ਜਾਂਦੀ। ਇਸ ਤੋਂ ਅੱਗੇ ਉਹ ਕਦੇ ਵੀ ਨਹੀਂ ਸੀ ਸੋਚ ਸਕੀ।

ਰਿਸ਼ਤੇਦਾਰੀਆਂ ਵਿਚੋਂ ਉਸ ਲਈ ਮੁੰਡਿਆਂ ਦੀ ਦੱਸ ਪੈਣ ਲੱਗੀ। ਜਦੋਂ ਮੁੰਡੇ ਵਾਲੇ ਉਸਨੂੰ ਵੇਖਣ ਆਉਂਦੇ, ਉਹ ਵੀ ਮੁੰਡੇ ਨੂੰ ਵੇਖ ਆਪਣੇ ਨਾਲ ਮੇਚਦੀ। ਉਸਨੂੰ ਕੋਈ ਵੀ ਮੁੰਡਾ ਪਸੰਦ ਨਾ ਆਉਂਦਾ। ਕਿਸੇ ਦੀਆਂ ਅੱਖਾਂ ਉਸਨੂੰ ਨਿੱਕੀਆਂ-ਨਿੱਕੀਆਂ ਲਗਦੀਆਂ। ਕੋਈ ਹੱਸਦਾ ਤਾਂ ਉਸਦੇ ਮੂਹਰਲੇ ਦੋ ਦੰਦ ਉਸਨੂੰ ਚੰਗੇ ਨਾ ਲਗਦੇ। ਕਿਸੇ ਦੀ ਨੌਕਰੀ ਉਸਨੂੰ ਪਸੰਦ ਨਾ ਆਉਂਦੀ। ਮੁੰਡੇ ਵਾਲਿਆਂ ਦੇ ਜਾਣ ਤੋਂ ਬਾਅਦ, ਜਦੋਂ ਉਸਦਾ ਬਾਪੂ ਉਸਨੂੰ ਮੁੰਡੇ ਬਾਰੇ ਪੁੱਛਦਾ ਤਾਂ ਉਹ ਇਨਕਾਰ ਕਰ ਦਿੰਦੀ। ਫਿਰ ਉਸਦੀ ਭੂਆ ਦੀ ਰਿਸ਼ਤੇਦਾਰੀ 'ਚੋਂ ਇਕ ਮੁੰਡੇ ਦੀ ਦੱਸ ਪਈ। ਮੁੰਡਾ ਬੀ. ਏ. ਕਰ ਕਨੇਡਾ ਚਲੇ ਗਿਆ ਸੀ। ਹੁਣ ਵਿਆਹ ਕਰਾਉਣ ਦੇਸ ਆਇਆ ਹੋਇਆ ਸੀ। ਜਦੋਂ ਉਹ ਉਸਨੂੰ ਵੇਖਣ ਆਏ ਤਾਂ ਬਾਹਰਲੇ ਚਮੜੇ ਦੀ ਕਾਲੀ ਜੈਕਟ ਅਤੇ ਕਾਲੀ ਪੈਂਟ ਵਿਚ ਉਹ ਮੁੰਡਾ ਉਸਨੂੰ ਉਸਦੀ ਕਲਪੀ ਸੂਰਤ ਵਰਗਾ ਲੱਗਾ। ਗੱਲਾਂ ਗੱਲਾਂ ਵਿਚ ਅੰਗਰੇਜ਼ੀ ਦਾ ਫਿਕਰਾ ਬੋਲਦਾ ਮੁੰਡਾ ਉਸਨੂੰ ਬਹੁਤ ਹੀ ਪਿਆਰਾ ਲੱਗਾ। ਮੁੰਡੇ ਦਾ ਅੱਖਾਂ ਗੱਡੀ ਉਸ ਵੱਲ ਵੇਖੀਂ ਜਾਣਾ ਉਸਨੂੰ ਬੁਰਾ ਲੱਗਿਆ ਪਰ ਇਹ ਸੋਚ ਕਿ ਉਹ ਮੈਨੂੰ ਵੇਖਣ ਹੀ ਤਾਂ ਆਇਆ, ਉਸ ਇਸ ਵਲ ਬਹੁਤਾ ਧਿਆਨ ਨਾ ਦਿੱਤਾ। ਉਨ੍ਹਾਂ ਦੇ ਜਾਣ ਤੋਂ ਬਾਅਦ, ਬਾਪੂ ਦੇ ਪੁੱਛਣ 'ਤੇ ਉਸ

ਹਾਂ ਕਰ ਦਿੱਤੀ।

ਸਬਜ਼ੀ ਕੱਟ ਉਸ ਪਤੀਲੇ ਵਿਚ ਪਾ ਦਿਤੀ। ਬੈਠਕ ਵਿਚ ਉਸਦਾ ਪਤੀ ਆਪਣੀ ਪਹਿਲੀ ਰਾਤ ਦੀ ਗੱਲ ਸੁਣਾ ਰਿਹਾ ਸੀ। ਮੈਂ ਪਹਿਲਾਂ ਹੀ ਇਕ ਮੁੰਡੇ ਤੋਂ ਫੀਮ ਮੰਗਾ ਲਈ ਸੀ। ਹੱਥ ਹੁੱਥ ਤਾਂ ਕਾਰ ਵਿਚ ਹੀ ਫੇਰਨ ਲਗ ਪਿਆ ਸੀ। ਆ ਕੇ ਦੋ ਚਾਰ ਪੈਗ ਲਾਏ। ਨਲਕੇ 'ਤੇ ਜਾ ਫੀਮ ਅੰਦਰ ਕਰ ਲਈ। ਜਾ ਵੜਿਆ ਅੰਦਰ। ਇਹਦੇ ਆਲੇ-ਦੁਆਲੇ ਦੋ ਚਾਰ ਜੁਆਕੜੀਆਂ ਬੈਠੀਆਂ ਸੀ। ਇਕ ਨੂੰ ਮਾੜਾ ਜਿਹਾ ਦਬਕਾ ਮਾਰਿਆ, ਸਾਰੀਆਂ ਨਿਕਲ ਗਈਆਂ ਬਾਹਰ। ਅੰਦਰੋਂ ਕੁੰਡਾ ਮਾਰ ਮੈਂ ਲਗ ਪਿਆ ਇਹਦੇ ਕਪੜੇ ਲਾਹੁਣ। ਨਹੀਂ ਜੀ, ਨਹੀਂ ਜੀ, ਕਰੇ। ਆਪਾਂ ਨਹੀਂ ਪਰਵਾਹ ਕੀਤੀ। ਮਨ 'ਚ ਕਿਹਾ ਸਾਲੀਏ ਤੈਨੂੰ ਲਿਆਂਦਾ ਕਾਹਦੇ ਲਈ ਆ। ਬੱਸ ਫੇਰ ਹੋ ਗਏ ਸ਼ੁਰੂ! ਇਹ ਸੁਣ ਉਹ ਰਸੋਈ ਵਿਚ ਸ਼ਰਮ ਨਾਲ ਮਰੀ ਜਾਂਦੀ ਸੀ। ਉਸਨੂੰ ਇੰਝ ਲੱਗਾ ਜਿਵੇਂ ਉਸਦੇ ਪਤੀ ਨੇ ਉਸਨੂੰ ਨੰਗਾ ਕਰ ਦੋਸਤਾਂ ਦੇ ਸਾਹਮਣੇ ਖੜੀ ਕਰ ਦਿੱਤਾ ਹੋਵੇ, ਅਤੇ ਉਸ ਕੋਲ ਆਪਾ ਢੱਕਣ ਲਈ ਕੁੱਝ ਨਾ ਹੋਵੇ। ਉਸਦਾ ਪਤੀ ਅਗਾਂਹ ਦੀ ਗੱਲ ਬੜੇ ਮਾਣ ਨਾਲ ਸੁਣਾ ਰਿਹਾ ਸੀ। ਉਸਦੇ ਦੋਸਤ ਗੱਲ ਨੂੰ ਬੜੇ ਧਿਆਨ ਨਾਲ ਸੁਣ ਰਹੇ ਸੀ ਜਿਵੇਂ ਕੋਈ 'ਨੰਗੀ ਫ਼ਿਲਮ' ਵੇਖ ਰਹੇ ਹੋਣ। ਇਕ ਨੇ ਪੈਗ ਪਾਇਆ, ਵਿਚ ਪਾਉਣ ਲਈ ਸੋਡੇ ਦੀ ਬੋਤਲ ਚੁੱਕੀ। ਪਰ ਬੋਤਲ ਖ਼ਾਲੀ ਸੀ।

"ਯਾਰ ਸੋਡਾ ਹੋਰ ਹੈਗਾ" ਉਸ ਉਸਦੇ ਪਤੀ ਨੂੰ ਕਿਹਾ। "ਸੋਡਾ ਬੜਾ, ਆਪਾਂ ਨਹੀਂ ਲੋਕਾਂ ਵਾਂਗ 'ਗਰੋਸਰੀ' ਲਿਆਉਣ 'ਚ ਕਦੇ ਸਰਫ਼ਾ ਕੀਤਾ"।

"ਐਥੋਂ ਸੋਡਾ ਫੜਾਈਂ" ਪਤੀ ਨੇ ਹਾਕ ਮਾਰੀ। ਉਹ ਉਹਨਾਂ ਸਾਰਿਆਂ ਦੇ ਸਾਹਮਣੇ ਨਹੀਂ ਸੀ ਜਾਣਾ ਚਾਹੁੰਦੀ। ਉਸਨੂੰ ਆਪਾ ਅਣਕੱਜਿਆਂ ਅਣਕੱਜਿਆ ਲਗਦਾ ਸੀ। ਉਹ ਜਾਣ ਜਾਂ ਨਾ ਜਾਣ ਬਾਰੇ ਸੋਚ ਰਹੀ ਸੀ ਕਿ ਉਸਦਾ ਪਤੀ ਗਰਜਿਆ, "ਤੈਨੂੰ ਸੁਣਦਾ ਨਹੀਂ। ਮੈਂ ਕਿਹਾ ਸਡਾ ਫੜਾਦੇ।" ਉਹ ਫ਼ਰਿਜ ਵਿਚੋਂ ਬੋਤਲ ਕੱਢ ਫੜਾਉਣ ਚਲੀ ਗਈ। ਉਸਨੂੰ ਲੱਗਾ ਜਿਵੇਂ ਪਤੀ ਦੇ ਦੋਸਤ ਉਸ ਵਲ ਘੂਰ ਘੂਰ ਵੇਖ ਰਹੇ ਹੋਣ। ਸੋਡਾ ਰੱਖ ਮੁੜਨ ਲੱਗੀ ਦੀ ਬਾਂਹ ਫੜ ਉਸਦਾ ਪਤੀ ਬੋਲਿਆ, "ਕਿਉਂ ਡਾਰਲਿੰਗ, ਥੋੜੀ ਕੁ ਲਾਉਣੀ"। ਫਿਰ ਉਸਨੂੰ ਆਪਣੇ ਵਲ ਖਿੱਚ ਚੁੰਮ ਲਿਆ। ਕਮਰੇ ਵਿਚ ਜ਼ੋਰਦਾਰ ਠਹਾਕਾ ਗੂੰਜਿਆ। ਉਹ ਬਾਂਹ ਛੁਡਾ ਸੌਣ ਕਮਰੇ ਵਲ ਦੌੜ ਗਈ। ਉਸਦੇ ਅੱਥਰੂ ਰੋਕਦਿਆਂ ਰੋਕਦਿਆਂ ਵਗ ਤੁਰੇ। ਪੰਜ ਸਤ ਮਿੰਟ ਰੋਣ ਤੋਂ ਬਾਅਦ ਉਹ ਫਿਰ ਸੋਚਣ ਲੱਗੀ।

ਉਸਦਾ ਸੁਫ਼ਨਾ ਤਾਂ ਪਹਿਲੀ ਰਾਤ ਹੀ ਟੁਟ ਗਿਆ ਸੀ। ਵਿਆਹ ਤੋਂ ਬਾਅਦ ਦੋ ਤਿੰਨ ਹਫ਼ਤੇ ਉਹ ਦੇਸ਼ ਰਿਹਾ। ਦਿਨੇ ਉਹ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਵਿਚ ਘਿਰਿਆ ਰਹਿੰਦਾ। ਅੱਧੀ ਰਾਤ ਵਿਹਲਾ ਹੋ ਉਸ ਕੋਲ ਆਉਂਦਾ। ਬਿਨਾਂ ਕੁਝ ਬੋਲਿਆਂ ਆਪਣਾ ਕੰਮ ਮੁਕਾਉਂਦਾ ਅਤੇ ਘੁਰਾੜੇ ਮਾਰਨ ਲਗਦਾ। ਉਸਦੀਆਂ ਸਾਰਾ ਦਿਨ ਦੀਆਂ ਸੋਚੀਆਂ ਮਨ ਵਿਚ ਹੀ ਰਹਿ ਜਾਂਦੀਆਂ। ਪਤੀ ਦੇ ਕਨੇਡਾ ਆਉਣ ਦੇ ਛੇਆਂ ਕੁ ਮਹੀਨਿਆਂ ਬਾਅਦ ਉਹ ਵੀ ਕਨੇਡਾ ਆ ਗਈ। ਇਥੇ ਵੀ ਪੰਜ ਦਿਨ ਕੰਮ ਤੋਂ ਆ ਸ਼ਰਾਬ ਪੀ ਸੌਂ ਜਾਂਦਾ ਜਾਂ ਫਿਰਨ ਚਲਾ ਜਾਂਦਾ। 'ਵੀਕਐਂਡ' ਤੇ ਦੋਸਤਾਂ ਦੀਆਂ ਮਹਿਫ਼ਲਾਂ ਜੰਮਦੀਆਂ। ਉਹ ਸੱਭ ਦੋਸਤ ਵਿਆਹੇ ਹੋਏ ਸਨ। ਪਰ ਨਾ ਕਦੇ ਉਸਦਾ ਪਤੀ ਉਹਨੂੰ ਕਿਸੇ ਦੇ ਘਰ ਲੈ ਕੇ ਗਿਆ ਸੀ ਅਤੇ ਨਾ ਹੀ ਉਹਨਾਂ ਵਿਚੋਂ ਕੋਈ ਆਪਣੀ ਵਹੁਟੀ ਨੂੰ ਉਨ੍ਹਾਂ ਦੇ ਘਰ ਲਿਆਇਆ ਸੀ। ਬੱਸ ਉਹ ਸਾਰੇ ਇਕ ਦੇ ਘਰ ਇਕੱਠੇ ਹੋ ਜਾਂਦੇ। ਸ਼ਰਾਬ ਪੀਂਦੇ, ਜੂਆ ਖੇਡਦੇ। ਵਿਚ ਵਿਚ ਵਿਆਹ ਤੋਂ ਪਹਿਲਾਂ ਦੀਆਂ ਗੋਰੀਆਂ ਸਹੇਲੀਆਂ ਦੀਆਂ ਗੱਲਾਂ ਕਰਦੇ। ਪਤਨੀਆਂ ਨਾਲ ਉਨ੍ਹਾਂ ਦੀ ਕੋਈ ਸਾਂਝ ਨਹੀਂ ਸੀ। ਉਹ ਸਿਰਫ਼ ਉਨ੍ਹਾਂ ਲਈ ਸ਼ੁਗਲ ਦਾ ਸਾਧਨ ਸਨ। ਉਹਨੂੰ ਯਾਦ ਆਇਆ ਇਕ ਵਾਰ ਉਸਦੇ ਪਤੀ ਨੇ ਇਕ ਦੋਸਤ ਨਾਲ ਜਾਣ-ਪਛਾਣ ਇੰਝ ਕਰਵਾਈ ਸੀ, 'ਇਹ ਫਲਾਣਾ ਹੈ। ਇਹਤੋਂ ਬਚਕੇ ਰਹੀਂ ਇਹਦਾ ਪੇਚਾਂ ਵਾਲਾ..."। ਉਸ ਦਾ ਦੋਸਤ ਹੀ... ਹੀ ਕਰਕੇ ਹੱਸਿਆ ਸੀ। ਉਹ ਕੱਚੀ ਜਿਹੀ ਹੋਈ ਕੁਝ ਨਹੀਂ ਸੀ ਕਹਿ ਸਕੀ।

"ਰੋਟੀ ਤਿਆਰ ਆ?" ਉਸਦੇ ਪਤੀ ਦੀ ਅਵਾਜ਼ ਸੀ।

"ਹੁਣੇ ਪਕਾ ਦੇਨੀਂ ਆ।"

ਉਹ ਉਠਕੇ ਰੋਟੀ ਪਕਾਉਣ ਲੱਗ ਪਈ। ਉਸ ਰੋਟੀ ਮੇਜ਼ 'ਤੇ ਲਾ ਦਿੱਤੀ। ਉਹ ਰੋਟੀ ਖਾਣ ਲੱਗੇ। ਉਹ ਸਾਰੇ ਜਿੱਦ ਜਿੱਦ ਕੇ ਰੋਟੀ ਖਾ ਰਹੇ ਸੀ। ਅੱਜ ਭਾਬੀ ਦਾ ਆਟਾ ਮੁਕਾਉਣਾ। ਉਸ ਦੋ ਵਾਰ ਆਟਾ ਗੁੰਨਿਆ। ਉਹ ਆਪਣੀ ਜਿੱਤ ਤੇ ਖ਼ੁਸ਼ ਹੁੰਦੇ ਰਹੇ ਸ਼ਰਾਬ ਡੀਕਦੇ ਰਹੇ। ਰੋਟੀ ਖਾ ਬੈਠਕ ਵਿਚ ਆ ਉਹਦੇ ਪਤੀ ਨੇ ਕਿਹਾ, "ਆਉ ਟਾਊਣ ਵਿਚ ਗੇੜਾ ਗੁੜਾ ਮਾਰ ਆਈਏ"।

"ਭਾਬੀ ਨੇ ਤੈਨੂੰ ਗਾਲ੍ਹਾਂ ਕੱਢਣੀਆਂ" ਇਕ ਨੇ ਉਸਦੇ ਪਤੀ ਨੂੰ ਕਿਹਾ, 'ਜੁੱਤੀ ਨਹੀਂ ਦੀਹਦੀ ਉਹਨੂੰ?" ਉਸਦਾ ਪਤੀ ਬੋਲਿਆ।

ਇਹ ਕਹਿ ਉਹ ਬੂਹਾ ਖੋਲ੍ਹ ਬਾਹਰ ਨਿਕਲ ਗਿਆ। ਪਿੱਛੇ ਪਿੱਛੇ ਸਭ ਦੋਸਤ ਨਿਕਲ ਗਏ। ਕਾਰ ਸਟਾਰਟ ਹੋਈ। ਉੱਚੀ ਉੱਚੀ ਰੌਲਾ ਪਾਉਂਦੇ ਉਹ ਬਾਹਰ ਚਲੇ ਗਏ। ਉਹ ਰਸੋਈ ਵਿਚ ਜੂਠੀਆਂ ਪਲੇਟਾਂ ਸਾਫ਼ ਕਰਨ ਲੱਗੀ। ਉਸਨੂੰ ਜਾਪਿਆ ਜਿਵੇਂ ਉਹ ਵੀ ਇੰਨ੍ਹਾਂ ਜੂਠੀਆਂ ਪਲੇਟਾਂ ਵਿਚੋਂ ਇਕ ਹੋਵੇ।


ਪਾਰਟੀਆਂ, ਵਿਆਹ ਸ਼ਾਦੀਆਂ ਜਾਂ ਹੋਰ ਕਾਰਜਾਂ ਲਈ ਸਾਡੀਆਂ ਸੇਵਾਵਾਂ ਹਰ ਵੇਲੇ ਹਾਜ਼ਰ ਹਨ। ਵਧੀਆਂ ਪਕਵਾਨ ਅਤੇ ਘੱਟ ਰੇਟ ਸਾਡੀ ਵਿਸ਼ੇਸ਼ਤਾਈ ਹੈ ਤਾਜ ਮਹੱਲ ਵਿੱਚ ਇੱਕ ਵਾਰੀ ਖਾਦਾ ਸੁਆਦੀ ਪਕਵਾਨ ਤੁਹਾਨੂੰ ਬਾਰ ਬਾਰ ਇਥੇ ਲਿਆਵੇਗਾ

**TAJ MAHAL RESTAURANT**

"Fully Licensed"



Wedding & Party Catering

**876-8133**

2420 MAIN ST. VANCOUVER.

# ਸ਼ਰਧਾਂਜਲੀ

13 ਦਸੰਬਰ 1981 ਨੂੰ ਵੈਨਕੂਵਰ ਵਿਖੇ ਜਥੇਦਾਰ ਮੂਲਾ ਸਿੰਘ ਬੈਂਸ ਦਾ ਦੇਹਾਂਤ ਹੋ ਗਿਆ। ਉਹਨਾਂ ਦੀ ਉਮਰ 85 ਵਰ੍ਹੇ ਦੀ ਸੀ ਤੇ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਜਥੇਦਾਰ ਮੂਲਾ ਸਿੰਘ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਵਿਚ ਬਹੁਤ ਸਰਗਰਮ ਹਿੱਸਾ ਲਿਆ ਤੇ ਕੈਦਾਂ ਵਰ੍ਹੇ ਜੇਲ੍ਹ ਵਿਚ ਕੱਟੇ। ਉਹਨਾਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਵਿਚ ਚਲੀਆਂ ਧਾਰਮਿਕ ਤੇ ਸਿਆਸੀ ਲਹਿਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਪਿੱਛੋਂ ਆ ਕੇ ਉਹ ਕਮਿਊਨਿਸਟ ਪਾਰਟੀ ਦੇ ਸਰਗਰਮ ਮੈਂਬਰ ਰਹੇ। ਉਹਨਾਂ ਨੂੰ ਦੇਸ਼ ਭਗਤੀ ਵਿਰਸੇ ਵਿੱਚ ਮਿਲੀ। ਉਹਨਾਂ ਦੇ ਦਾਦਾ ਜੀ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਲਟਕਾਇਆ। ਜਥੇਦਾਰ ਮੂਲਾ ਸਿੰਘ ਬੈਂਸ ਆਪਣੀ ਜ਼ਿੰਦਗੀ ਦੇ ਅਖੀਰ ਤੱਕ ਕੁਰਬਾਨੀਆਂ ਕਰਨ ਵਿਚ ਰਹੇ ਤੇ ਹਮੇਸ਼ਾਂ ਹਰ ਕਿਸੇ ਨੂੰ ਲੋਕਾਂ ਲਈ ਕੁਰਬਾਨੀ ਦਾ ਸੰਦੇਸ਼ ਦਿੰਦੇ ਰਹੇ। ਜਥੇਦਾਰ ਮੂਲਾ ਸਿੰਘ ਬੈਂਸ ਉਜਲ ਦੋਸਾਂਝ, ਜੋ ਕਿ ਸਾਡੀ ਕਮਿਊਨਿਟੀ ਦੇ ਅਗਾਂਹ ਵਧੂ ਨੌਜਵਾਨ ਹਨ ਤੇ ਇਥੋਂ ਦੀ ਸਿਆਸਤ ਵਿਚ ਹਿੱਸਾ ਲੈ ਰਹੇ ਹਨ, ਦੇ ਨਾਨਾ ਜੀ ਸਨ। ਅਦਾਰਾ ਵਤਨੋਂ ਦੂਰ ਇਸ ਦੇਸ਼ ਭਗਤ ਦੀ ਮੌਤ ਤੇ ਦੁੱਖ ਪ੍ਰਗਟ ਕਰਦਾ ਹੈ।


*Merry Christmas & Happy New Year*

**Goyal Import-Export Ltd**

4156 Fraser St., Vancouver, B.C. V5V 4E8

(604)873-8308

**SALE**

*Sales & Rentals of Original video movies - Hundreds to choose from - Top Hits - Old & new Hindi & Punjabi movies.*





SH. RAJINDER GOYAL

**XMAS SPECIAL SALE ON ALL TVS., RADIO, TAPE RECORDERS VIDEO RECORDERS, STEREOS & ALL GIFT ITEM PRICES SLASHED**

**110 & 220 V. sets for India & Pakistan**

**Goyal Travels Inc.**

IATA

**THINKING OF TRAVEL?**

4152 Fraser Street, Vancouver, B.C., Canada V5V 4E8

PH: (604) 872-7658

Cheapest Fares to:

**FIJI—INDIA—PAKISTAN—**
**—COLOMBO—NEPAL**

WE CAN SAVE YOU
TIME—TROUBLE—MONEY

ASSOCIATED OFFICES IN INDIA:

- Court Road, Moga, Distt. Faridkot Phone 2798
- Court Road, Jagraon, Distt. Ludhiana Phone 252

# FOR YOUR INSURANCE NEEDS:

SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



*BALDEV SANGRA*
PH. 321 - 6557
*(604) 687-7711*
*PAGER: 7648*

**autoplan**

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ ਅਤੇ ਕੈਂਪਰ ਆਦਿ ਲਈ ਸ਼ਾਡੀਆਂ
ਸੇਵਾਵਾਂ ਹਾਜ਼ਰ ਹਨ।

BENNET — SANGHRA

INSURANCE AGENCY LTD.

6553 VICTORIA DR. VAN. B.C.

If you are looking for
*Quality
* Quality
* Price



* After sale service when buying your car contact

**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼ੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



Office
**521-7731**
Res. 524-4137

# WESTMINSTER CHEVROLET-OLDSMOBILE

12 th Ave. at Queens Ave
New West Minster

***PAUL'S PLUMBING & ELECTRICAL SUPPLY***

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES





ਖੁਸ਼ਖਬਰੀ ! ਤੁਹਾਡੀ ਜ਼ਰੂਰਤ ਲਈ
ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ
ਦਾ ਸਟੋਰ ਆਪਦੇ ਭਾਈ ਓਮ ਪਾਲ
ਵਲੋਂ 32 ਐਵੇਨਿਊ ਲਾਗੇ 4774 ਮੇਨ
ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।
ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ
ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ
ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

SEASON'S GREETINGS

# *Elite Tailors*

# ਈਲਾਈਟ ਟੇਲਰਜ਼

*WE STOCK REGULAR OR BELL-BOTTOM PANTS IN VARIOUS STYLES WITH MATCHING COLOUR SHIRTS, SPORTS JACKETS, 3 PIECE SUITS WITH REGULAR OR BELL-BOTTOM PANTS, SHOES AND ALSO LADIES 2 PC. SUITS JACKETS AND BLOUSES ETC.*

**For any sporting uniform needs Please Visit Us.**

**ELITE TAILORS**
**4219 MAIN STREET**
**PHONE: 872-2276**

✱ MAIL ORDERS ACCEPTED ✱

# ਫ਼ਿਲਮ 'ਉੱਠਣ ਦਾ ਵੇਲਾ'

ਫ਼ਿਲਮ ਨਿਰਮਾਤਾਵਾਂ, ਅਲੈਕ ਪਰਵਰਤਕ ਅਤੇ ਜਿਮ ਮਨਰੋ, ਵਲੋਂ ਨੈਸ਼ਨਲ ਫ਼ਿਲਮ ਬੋਰਡ ਦੀ ਤਕਨੀਕੀ ਮਦਦ ਨਾਲ ਬਣਾਈ ਗਈ ਕਨੇਡੀਅਨ ਫ਼ਾਰਮ ਵਰਕਰਜ਼ ਯੂਨੀਅਨ ਉੱਤੇ "ਉੱਠਣ ਦਾ ਵੇਲਾ" ਇੱਕ ਸ਼ਾਨਦਾਰ ਡਾਕੂਮੈਂਟਰੀ ਫ਼ਿਲਮ ਹੈ।

40 ਮਿੰਟਾਂ ਦੀ ਇਸ ਫ਼ਿਲਮ ਵਿੱਚ ਬ੍ਰਿਟਿਸ਼ ਕੋਲੰਬੀਆ (ਕਨੇਡਾ) ਦੇ ਖੇਤ ਮਜ਼ਦੂਰਾਂ ਦੀਆਂ ਅਣਮਨੁੱਖੀ ਕੰਮ ਦੀਆਂ ਹਾਲਤਾਂ ਨੂੰ ਬੜੀ ਸੋਹਣੀ ਤਰ੍ਹਾਂ ਚਿਤਰਿਆ ਗਿਆ ਹੈ। ਫ਼ਿਲਮ ਦਰਸਾਉਂਦੀ ਹੈ ਕਿ ਕਿਵੇਂ ਖੇਤ ਮਜ਼ਦੂਰਾਂ ਉੱਤੇ ਬਹੁਤ ਸਾਰੇ ਲੇਬਰ ਕਨੂੰਨ ਲਾਗੂ ਨਹੀਂ ਹੁੰਦੇ ਅਤੇ ਕਿਵੇਂ ਸਰਕਾਰ ਵਲੋਂ ਵੀ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ।

ਅਨੇਕਾਂ ਮੁਸ਼ਕਿਲਾਂ ਦਾ ਮੁਕਾਬਲਾ ਕਰਦੇ ਹੋਏ ਖੇਤ ਮਜ਼ਦੂਰਾਂ, ਜਿਹਨਾਂ ਦਾ ਬੀ. ਸੀ. ਵਿੱਚ ਵੱਡਾ ਹਿੱਸਾ ਭਾਰਤੀ ਕਾਮਿਆਂ ਦਾ ਹੈ, ਨੇ 6 ਅਪ੍ਰੈਲ 1980 ਵਾਲੇ ਦਿਨ ਕਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ ਆਪਣੀ ਯੂਨੀਅਨ ਬਣਾ ਲਈ।

ਫ਼ਿਲਮ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਖੇਤ ਮਜ਼ਦੂਰ ਠੇਕੇਦਾਰੀ ਸਿਸਟਮ ਦਾ ਸ਼ਿਕਾਰ ਹੁੰਦੇ ਹਨ ਅਤੇ ਕਿਸ ਤਰ੍ਹਾਂ ਠੇਕੇਦਾਰ ਉਹਨਾਂ ਦੀਆਂ ਤਨਖਾਹਾਂ ਦਾ ਵੱਡਾ ਹਿੱਸਾ ਆਪਣੇ ਕਮਿਸ਼ਨ ਵਜੋਂ ਰੱਖ ਜਾਂਦੇ ਹਨ। ਖੇਤ ਮਜ਼ਦੂਰ ਪ੍ਰੀਤਮ ਕੌਰ ਦੀ ਰੋਜ਼ਾਨਾ ਜ਼ਿੰਦਗੀ ਦਰਸਾਕੇ ਫ਼ਿਲਮ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਅਣ-ਮਨੁੱਖੀ ਹਾਲਤਾਂ ਵਿੱਚ ਕੰਮ ਕਰਕੇ, ਠੇਕੇਦਾਰਾਂ ਅਤੇ ਫ਼ਾਰਮਰਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਹੋਏ ਖੇਤ ਮਜ਼ਦੂਰਾਂ ਨੇ ਬੜੀ ਦ੍ਰਿੜ੍ਹਤਾ ਨਾਲ ਆਪਣੀ ਯੂਨੀਅਨ ਬਣਾਈ।

ਫ਼ਿਲਮ ਵਿੱਚ ਖੇਤ ਮਜ਼ਦੂਰਾਂ ਵਲੋਂ ਆਪਣੀ ਕੰਮ ਦੀਆਂ ਹਾਲਤਾਂ ਸੁਧਾਰਨ ਲਈ ਚਲਾਇਆ ਗਿਆ ਘੋਲ ਅਤੇ ਫ਼ਾਰਮਰਾਂ ਵਲੋਂ ਯੂਨੀਅਨ ਤੋੜਨ ਦੇ ਮਕਸਦ ਵਿੱਚ ਉਠਾਏ ਜਾ ਰਹੇ ਕਦਮਾਂ ਨੂੰ ਵੀ ਬੜੀ ਹੁਸ਼ਿਆਰੀ ਨਾਲ ਚਿਤਰਿਆ ਗਿਆ ਹੈ।

ਜਦੋਂ ਯੂਨਾਈਟਡ ਫ਼ਾਰਮਵਰਕਰਜ਼ ਆਫ ਅਮੈਰਿਕਾ ਯੂਨੀਅਨ ਦੇ ਪ੍ਰਧਾਨ ਸ਼ੀਜ਼ਰ ਸ਼ਾਵੇਜ਼ ਕਨੇਡੀਅਨ ਖੇਤ-ਮਜ਼ਦੂਰਾਂ ਨਾਲ ਆਪਣੀ ਸਾਂਝ ਪਰਗਟ ਕਰਨ ਲਈ ਬੀ. ਸੀ. ਵਿੱਚ ਆਏ ਤਾਂ ਉਹਨਾਂ ਦੀ ਫੇਰੀ ਨੂੰ 'ਉੱਠਣ ਦਾ ਵੇਲਾ' ਵਿਚ ਵਿਖਾਇਆ ਜਾਂਦਾ ਹੈ। ਫ਼ਿਲਮ ਦਰਸਾਉਂਦੀ ਹੈ ਕਿ ਕਿਵੇਂ ਕਨੇਡਾ ਅਤੇ ਅਮਰੀਕਾ ਵਿੱਚ ਖੇਤ ਮਜ਼ਦੂਰਾਂ ਦਾ ਘੋਲ ਸਾਂਝਾ ਹੈ।

ਫ਼ਿਲਮ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਕਿਸ ਤਰ੍ਹਾਂ ਟੀਮਸਟਰ ਯੂਨੀਅਨ ਅਤੇ ਗੋਰੇ ਲੋਕ ਕਾਲੇ, ਰੰਗ ਦੇ ਨਸਲਵਾਦ ਵਿਰੁੱਧ ਇਕੱਠੇ ਹੁੰਦੇ ਹਨ। ਅਖੀਰ ਨੂੰ ਫ਼ਿਲਮ ਦਿਖਾਉਂਦੀ ਹੈ ਕਿ ਕਿਵੇਂ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਕਨੇਡੀਅਨ ਫ਼ਾਰਮਵਰਕਰਜ਼ ਯੂਨੀਅਨ ਦਿਨ-ਬ-ਦਿਨ ਆਪਣੇ ਨਿਸ਼ਾਨੇ ਵੱਲ ਵਧ ਰਹੀ ਹੈ।

ਫ਼ਿਲਮ ਅੰਤ ਰਾਮ ਉਦਾਸੀ ਦੇ ਮਸ਼ਹੂਰ, ਜੋਰਬ ਸੰਘ ਦੀ ਆਵਾਜ਼ ਵਿੱਚ ਗਾਏ ਗੀਤ 'ਉਠ ਕਿਸਾਨਾਂ ਸੁੱਤਿਆ, ਉੱਠਣ ਦਾ ਵੇਲਾ' ਨਾਲ ਖ਼ਤਮ ਹੁੰਦੀ ਹੈ।

ਇਸ ਫ਼ਿਲਮ ਨੂੰ, ਜਰਮਨੀ ਵਿੱਚ ਹੋਏ ਕੌਮਾਂਤਰੀ ਫ਼ਿਲਮ ਮੇਲੇ ਵਿੱਚ ਇੱਕ ਸ਼ਾਨਦਾਰ ਫ਼ਿਲਮ ਹੋਣ ਦਾ SILVER DOVE ਇਨਾਮ ਮਿਲਿਆ ਹੈ। ਇਹ ਪਹਿਲੀ ਵਾਰ ਹੈ ਜਦ ਕਿ ਕਨੇਡਾ ਵਿਚ ਬਣੀ ਕਿਸੇ ਫ਼ਿਲਮ ਨੂੰ ਇਨਾਮ ਮਿਲਿਆ।

ਜੇ ਤੁਸੀਂ ਫ਼ਿਲਮ ਆਪਣੇ ਆਂਢ-ਗੁਆਂਢ ਜਾਂ ਸ਼ਹਿਰ ਵਿੱਚ ਵਿਖਾਉਣੀ ਚਾਹੁੰਦੇ ਹੋ ਤਾਂ ਕਨੇਡੀਅਨ ਫ਼ਾਰਮ ਵਰਕਰਜ਼ ਯੂਨੀਅਨ, 4730 ਇੰਪੀਰੀਅਲ ਸਟਰੀਟ, ਬਰਨਬੀ, ਬੀ.ਸੀ. ਨਾਲ ਸੰਪਰਕ ਪੈਦਾ ਕਰੋ ਜਾਂ - 430-6055 ਉੱਤੇ ਫੋਨ ਕਰੋ।

ਵਲੋਂ -

ਕਨੇਡੀਅਨ ਫ਼ਾਰਮ ਵਰਕਰਜ਼ ਯੂਨੀਅਨ

# ਰਿਪੋਰਟ

ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਵਲੋਂ ਦੂਜਾ ਸੁਰਜੀਤ ਮੈਮੋਰੀਅਲ ਅਵਾਰਡ ਗਿਆਨੀ ਕੇਸਰ ਸਿੰਘ ਨਾਵਲਿਸਟ ਨੂੰ ਉਹਨਾਂ ਦੀ ਸਮੁੱਚੀ ਸਾਹਿਤਕ ਪ੍ਰਾਪਤੀ ਨੂੰ ਮੁੱਖ ਰੱਖ ਕੇ ਦਿੱਤਾ ਗਿਆ। ਟਰਸਟ ਵਲੋਂ ਕੀਤੀ ਗਈ ਇਹ ਚੋਣ ਇੱਕ ਸੁਚੱਜੀ ਚੋਣ ਹੈ ਅਤੇ ਅਸੀਂ ਇਸ ਲਈ ਟਰਸਟ ਨੂੰ ਵਧਾਈ ਦਿੰਦੇ ਹਾਂ।

ਇਸ ਇਨਾਮ ਦਾ ਸਮਾਗਮ 10 ਅਕਤੂਬਰ 1981 ਨੂੰ ਬਰਟੈਨੀਆਂ ਕਮਿਊਨਿਟੀ ਸੈਂਟਰ ਦੇ ਆਡੀਟੋਰੀਅਮ ਵਿਚ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਟਰਸਟ ਦੇ ਪ੍ਰਧਾਨ ਗੁਰਚਰਨ ਰਾਮਪੁਰੀ ਨੇ ਸਨਮਾਨ ਪੱਤਰ ਪੜ੍ਹਿਆ ਅਤੇ ਭਾਰਤ ਤੋਂ ਜਗਜੀਤ ਸਿੰਘ ਅਨੰਦ, ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਵਲੋਂ [illegible] ਅਤੇ ਕਰਤਾਰ ਸਿੰਘ ਢੰਡ ਦੇ ਸੁਨੇਹੇ ਪੜ੍ਹਕੇ ਸੁਣਾਏ।

ਅਮਰਜੀਤ ਚਾਹਲ, ਦਰਸ਼ਨ ਗਿੱਲ, ਸਾਧੂ, ਅਜਮੇਰ ਰੋਡੇ ਅਤੇ ਅਮਰਜੀਤ ਕੁਟੀ ਨੇ ਗਿਆਨੀ ਕੇਸਰ ਸਿੰਘ ਦੇ ਵੱਖ ਵੱਖ ਨਾਵਲਾਂ ਬਾਰੇ ਸ੍ਰੋਤਿਆਂ ਨੂੰ ਜਾਣਕਾਰੀ ਦਿੱਤੀ। ਅਜੀਤ ਸਿੰਘ ਜਾਚਕ, ਸਾਧੂ ਸਿੰਘ ਰਾਏ ਅਤੇ ਪ੍ਰੋ. ਹਰੀ ਸ਼ਰਮਾ ਨੇ ਕੇਸਰ ਸਿੰਘ ਅਤੇ ਉਹਨਾਂ ਦੇ ਨਾਵਲਾਂ ਬਾਰੇ ਕੁਝ ਸ਼ਬਦ ਕਹੇ। ਪ੍ਰੋ. ਹਰੀ ਸ਼ਰਮਾ ਨੇ ਕਿਹਾ "ਕੇਸਰ ਸਿੰਘ ਨੇ ਭਾਰਤ ਦੀ ਅਜ਼ਾਦੀ ਦੇ ਅਨੇਕਾਂ ਸ਼ਹੀਦਾਂ ਦੀਆਂ ਜੀਵਨੀਆਂ ਉੱਪਰ ਨਾਵਲ ਲਿਖ ਕੇ ਇੱਕ ਵੱਡਮੁੱਲਾ ਕੰਮ ਕੀਤਾ ਹੈ। ਇਸਦੇ ਨਾਲ ਉਹਨਾਂ ਗਿਆਨੀ ਜੀ ਨੂੰ ਬੇਨਤੀ ਕੀਤੀ ਕਿ ਉਹ ਮੌਜੂਦਾ ਸਮੇਂ ਦੌਰਾਨ ਆਮ ਲੋਕਾਂ ਦੀ ਅਜ਼ਾਦੀ ਅਤੇ ਉਹਨਾਂ ਦੇ ਹੱਕਾਂ ਲਈ ਲੜ ਰਹੇ ਅਤੇ ਸ਼ਹੀਦ ਹੋ ਰਹੇ ਲੋਕਾਂ ਬਾਰੇ ਵੀ ਲਿਖਣ।"

ਕਵਿਤਾਵਾਂ ਦੇ ਦੌਰ ਵਿੱਚ ਰੇਡੀਓ, ਟੀ.ਵੀ. ਕਲਾਕਾਰ ਅਮਰਜੀਤ ਸੈਣ ਨੇ ਗੀਤ, ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਹਰਭਜਨ ਸਿੰਘ ਚਾਹਲ ਅਤੇ ਜੀਵਨ ਰਾਮਪੁਰੀ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ।

ਇਸ ਤੋਂ ਬਾਦ ਟਰਸਟ ਦੇ ਪ੍ਰਧਾਨ ਗੁਰਚਰਨ ਅਤੇ ਜਨਰਲ ਸਕੱਤਰ ਦਰਸ਼ਨ ਗਿੱਲ ਨੇ ਪੰਜ ਸੌ (500) ਡਾਲਰ, ਪ੍ਰਮਾਣ ਪੱਤਰ ਅਤੇ ਟਰਾਫੀ ਗਿਆਨੀ ਜੀ ਨੂੰ ਭੇਟ ਕੀਤੀ।

ਸਮਾਗਮ ਦੇ ਅੰਤ ਵਿੱਚ ਕੇਸਰ ਸਿੰਘ ਨੇ ਕਿਹਾ, "ਇਹ ਸਨਮਾਨ ਮੇਰਾ ਸਨਮਾਨ ਨਹੀਂ; ਸਗੋਂ ਉਹਨਾਂ ਸ਼ਹੀਦਾਂ ਦਾ ਸਨਮਾਨ ਹੈ ਜਿਹਨਾਂ ਦੇ ਜੀਵਨ ਮੇਰਾ ਪ੍ਰੇਰਣਾ ਸਰੋਤ ਅਤੇ ਮੇਰੀਆਂ ਰਚਨਾਵਾਂ ਦੇ ਅਧਾਰ ਹਨ।

ਸੁਖਵੰਤ ਹੁੰਦਲ

## ਪਿਛਲੇ ਅੰਕ (ਜੁਲਾਈ ਅਗਸਤ) ਬਾਰੇ

ਅਵਤਾਰ ਗਿੱਲ
ਸਤਵੰਤ

ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਘਟਨਾਵਾਂ ਬਾਰੇ ਸੰਪਾਦਕੀ ਟਿੱਪਣੀਆਂ, ਮੁੱਖ ਪੰਨੇ ਦੇ ਚਿਤਰ ਅਤੇ ਸਮੁੱਚੇ ਅੰਕ ਦਾ ਮੈਟਰ ਸੰਜੀਦਾ ਸੀ। ਸੰਪਾਦਕੀ ਲਿਖਾਰੀਆਂ ਅੰਕੜਿਆਂ ਬਾਰੇ ਕਾਫ਼ੀ ਸੁਚੇਤ ਰਹਿਣ ਦੀ ਲੋੜ ਹੈ। ਕੀ ਫ਼ੈਨ ਜਾਰਜ ਦੀ ਉਮਰ ਅੱਸੀ ਦੀ ਥਾਂ ਸੌ ਅਤੇ ਸਾਰੀ ਰਿਆਸਤ ਵਿਚ ਬੇਕਾਰੀ ਬਾਰਾਂ ਦੀ ਥਾਂ ਸੱਠ ਫੀਸਦੀ ਲਿਖ ਕੇ ਸੰਪਾਦਕਾਂ ਨੇ ਕੀ ਖੱਟਿਆ? ਫਿਰਕਾਪ੍ਰਸਤੀ ਤੇ ਨਫ਼ਰਤ ਦੀ ਜ਼ਹਿਰ ਉਗਲਣ ਵਾਲੇ ਸੱਪਾਂ ਦੀਆਂ ਸਿਰੀਆਂ ਫੇਹਣ ਲਈ ਖ਼ਾਲਿਸਤਾਨ ਦੇ ਮਸਲੇ ਬਾਰੇ ਠੋਸ ਜਾਣਕਾਰੀ, ਪ੍ਰਚਾਰ ਅਤੇ ਸਿੱਟਿਆਂ ਬਾਰੇ ਖੋਜ ਭਰਪੂਰ ਲੇਖ 'ਵਤਨੋਂ ਦੂਰ' ਦਾ ਫ਼ਰਜ਼ ਬਣਦਾ ਹੈ।

ਸਾਧੂ ਦੀ ਕਹਾਣੀ 'ਰਾਖੇ' ਵਿਸ਼ੇ ਦੇ ਪੱਖ ਤੋਂ ਵਧੀਆ ਕਹਾਣੀ ਹੈ। ਗੁਲਾਮ ਜ਼ਿਹਨੀਅਤ ਬਾਰੇ ਹਰਨਾਮ ਸਿੰਘ ਅਤੇ ਦੀਪਿਆ ਕੌਰ ਵਰਗੇ ਬਹੁਤ ਕੁਝ ਤੇ ਕੈਨੇਡਾ 'ਚ ਵਿਚਰ ਰਹੇ ਪਾਤਰ ਇਥੇ ਅਕਸਰ ਮਿਲ ਜਾਂਦੇ ਹਨ ਜਿਹੜੇ "ਵਿਤਕਰਾ ਕਰਨਾ ਗੋਰਿਆਂ ਦਾ ਹੱਕ" ਸਮਝਦੇ ਹਨ ਅਤੇ ਸਿਰ ਉਠਾ ਕੇ ਜਿਊਣ ਵਾਲਿਆਂ ਨੂੰ "ਇਸ ਸਰੀਰ ਦਾ ਸਿਰ ਨਹੀਂ ਟਿਕਾਣੇ" ਅਤੇ 'ਗ੍ਰਿਟਰ' ਜਿਹੇ ਲਫ਼ਜ਼ਾਂ ਨਾਲ ਨਿਵਾਜਦੇ ਹਨ। ਸ਼ੁਕਰ ਹੈ, ਇਸ ਵਰਗ ਨੂੰ ਵੀ ਸਮਝ ਆਉਣ ਲੱਗ ਪਈ ਹੈ! ਪਰ ਹਰਨਾਮ ਸਿੰਘ ਨੂੰ ਇਹ ਗਿਆਨ ਕਰਵਾਉਣ ਲਈ ਜੇ ਲੇਖਕ ਆਸੇ ਪਾਸੇ ਨਾਂ ਭਟਕਦਾ ਤਾਂ ਤਿੰਨ ਸਫ਼ਿਆਂ ਦੀ ਥਾਂ ਡੇਢ ਕੁ ਸਫ਼ੇ ਵਿਚ ਹੀ ਖ਼ੂਬ ਸਰ ਜਾਣਾ ਸੀ। ਬੀਰ ਹਜ਼ਾਰ ਦੀ ਹਜਾਮਤ ਕਰਵਾ ਕੇ ਮੁੜੇ ਸਰਦਾਰਾਂ ਦੇ ਪੁਤ'ਤੇ ਮਜ਼ਾਕ ਵਰਗਾ ਤਰਸ ਆਉਂਦਾ ਹੈ। ਪਰ ਹਿੰਦੀ ਫ਼ਿਲਮਾਂ ਦੇ ਹੀਰੋਆਂ ਵਾਂਗ ਇਸ ਕਹਾਣੀ ਦਾ ਹੀਰੋ ਸਰਦਾਰਾਂ ਦਾ ਪੁੱਤ ਹੋਣਾ ਲੇਖਕ ਦੀ ਕਮਜ਼ੋਰੀ ਹੈ ਜਾਂ ਮਜ਼ਬੂਰੀ? ਕਹਾਣੀ ਦਾ ਨਾਂ ਰੱਖਣ ਵੇਲੇ ਵੀ ਜਾਪਦਾ ਹੈ ਸੰਤੋਖ ਟਪਲਾ ਖਾ ਗਿਆ ਜਾਂ ਰੁਤਬੇ ਤੇ ਜਥੇਦਾਰਾਂ ਦੀ ਮੇਹਰ ਹੋ ਗਈ — ਜ਼ਮਾਨਤ ਅਤੇ ਹਜਾਮਤ ਵਿਚ ਕੁਝ ਫ਼ਰਕ ਤਾਂ ਰੱਖਦੇ।

ਇਸ ਅੰਕ ਦੀਆਂ ਕਵਿਤਾਵਾਂ ਸਾਰੀਆਂ ਹੀ ਢੁਕਵੀਆਂ ਹਨ —

"ਮੈਂ ਬੇਖ਼ਬਰ ਸਾਂ ਮੇਰੀ ਅੰਮੜੀਏ!
ਦੀਵਾਰਾਂ, ਸੰਗਲ, ਸੂਈਆਂ, ਤੇਜ਼ਾਬ, ਜ਼ਮੂਰ, ਜਮਦੂਤ —
ਸਭ ਕਰ ਰਹੇ ਸਨ ਆਪਣਾ ਧੰਦਾ ਤੇਜ਼।
ਮੇਰੇ ਬਚਾ ਲਈ ਕੁਝ ਵੀ ਤਾਂ ਨਹੀਂ ਸੀ।"
.... ਅਮਰਜੀਤ ਨੌਸ਼ਹਿਰਵੀ (ਲੰਮੀ ਰਾਤ)

"ਬਹੁਤ ਮਹਿਸੂਸ, ਅਬਦਾਲੀ,
ਵਤਨ ਵਿਚ ਹੈ ਗਏ ਪੀੜਾ"... ਧਰਮਪਾਲ (ਗੀਤ)

"ਜਾਂ ਆਪਣੀ ਹੀ ਮੇਹਨਤ ਨਾਂ ਮੰਗੀ ਸਿਖਾਉਂਦੀ,
ਤਦ ਕੌਣ ਕਾਸੇ ਕੰਹਰ ਹੋ ਗਿਆ ਹੈ।"
..... ਨਾਜ਼ਰ ਸਿੰਘ ਤਰਸ (ਗ਼ਜ਼ਲ)

"ਆਈ. ਐਨ. ਏ. ਦੇ ਫ਼ੌਜੀਆਂ ਪਾਸੋਂ,
ਲਈ ਟਰੇਨਿੰਗ ਠੀਕ ਰਹੀ;
ਵਕਤ ਅੰਗਰੇਜ਼ਾਂ ਆ ਗਿਆ ਜੇਕਰ
ਗੋਲੀਆਂ ਨਾਲ ਉਡਾਏ ਸੱਪ।"
..... ਸਰਬਣ ਸਿੰਘ ਅਮੋਲਕ (ਗ਼ਜ਼ਲ)

ਜਪਾਨੀ ਕਵਿਤਾ ਦੇ ਇਕ ਖ਼ਾਸ ਰੂਪ 'ਹਾਇਕੂ' ਨਾਲ ਜਾਣ ਪਛਾਣ ਕਰਵਾਉਣ ਲਈ ਸੁਖਿੰਦਰ ਦੀ ਕੋਸ਼ਿਸ਼ ਵਧੀਆ ਹੈ।

ਗੁਰਬਖ਼ਸ਼ ਜੱਸ ਦਾ ਲੇਖ 'ਕਲਾ, ਸਮਾਜ ਤੇ ਰਾਜਨੀਤੀ' "ਕਵੀ ਜਾਂ ਕਲਾਕਾਰ ਦੀ ਇਸ ਪਦਾਰਥਵਾਦੀ ਸੰਸਾਰ ਨਾਲੋਂ ਅਲੱਗ ਆਪਣੀ ਕੋਈ 'ਨਿਰਲੇਪ' ਦੁਨੀਆਂ ਨਹੀਂ ਹੁੰਦੀ।"... ਅਤੇ ਦਵਿੰਦਰ ਦਮਨ ਨਾਲ ਪੰਜਾਬੀ ਥੀਏਟਰ ਬਾਰੇ ਮੁਲਾਕਾਤ "ਜਦੋਂ ਤੁਸੀਂ ਸੁਚੇਤ ਤੌਰ ਤੇ ਕਿਸੇ ਚੀਜ਼ ਨੂੰ ਸਿਆਸਤ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹੋ, ਉਹ ਵੀ ਇਕ ਸਿਆਸਤ ਹੁੰਦੀ ਹੈ।".... ਵਰਗੇ ਲੇਖ ਪਰਚੇ ਵਿਚ ਛਾਪ ਕੇ ਤੁਸੀਂ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ।

ਅਜਮੇਰ ਰੋਡੇ ਦੇ ਇਕਾਂਗੀ ਸੰਗ੍ਰਹਿ "ਦੂਜਾ ਪਾਸਾ" ਬਾਰੇ ਗੱਲ ਕਰਦਿਆਂ ਅਜਮੇਰ ਔਲਖ ਨੇ ਸਪਸ਼ਟ ਕਰ ਦਿਤਾ ਹੈ ਕਿ ਇਸ ਪੁਸਤਕ ਨੂੰ ਪੈਸੇ ਖਰਚ ਕੇ ਪੜ੍ਹਨ ਵਿਚ ਕੋਈ ਹਰਜ਼ ਨਹੀਂ। ਪਰ ਸਾਫ਼ ਕਿੰਤੂ ਆਪਾ-ਵਿਰੋਧੀ ਵਿਚਾਰਾਂ ਦੀ ਭਰਮਾਰ ਕਾਰਨ ਰਾਜਵੀਰ ਦੀ ਕਾਵਿ-ਪੁਸਤਕ "ਕਿਤੇ ਨਾ ਪਹੁੰਚਣ ਵਾਲੀ ਸੜਕ" ਬਾਰੇ ਦੋ ਟੁੱਕ ਨਿਰਣਾ ਕਰਨ ਪੂਰਾ ਸਫਲ ਨਹੀਂ ਹੋਇਆ ਜਾਪਦਾ।

ਵਿਆਕਰਣ ਦੇ ਪੱਖ ਤੋਂ ਹਥਲੇ ਅੰਕ ਵਿਚ ਗਲਤੀਆਂ ਮੁਕਾਬਲਤਨ ਘੱਟ ਹਨ। ਪਰ ਕਿਉਂਕਿ ਵਤਨੋਂ ਦੂਰ ਸਾਹਿਤਕ ਪਰਚਾ ਹੈ, ਇਸ ਕਰਕੇ ਅਜੇਹੀਆਂ ਛੋਟੀਆਂ ਮੋਟੀਆਂ ਗਲਤੀਆਂ ਦਾ ਨੋਟਿਸ ਵੀ ਲੈਣਾ ਚਾਹੀਦਾ ਹੈ। ਪਰਚੇ ਦਾ ਸਾਹਿਤਕ ਮਿਆਰ ਉੱਚਾ ਰੱਖਣ, ਸਿਰਜਣਾਤਮਕ ਰਚਨਾਵਾਂ ਛਾਪਣ ਅਤੇ ਪਰਚੇ ਨੂੰ ਸਹੀ ਸਿਧਾਂਤਕ ਸੇਧ ਦੇਣ ਲਈ 'ਵਤਨੋਂ ਦੂਰ' ਪਰਿਵਾਰ ਦੇ ਚੇਤਨਸ਼ੀਲ ਮੈਂਬਰਾਂ ਦਾ ਭਰਪੂਰ ਸਹਿਯੋਗ ਅਤੇ ਯੋਗਦਾਨ ਬਹੁਤ ਸ਼ਲਾਘਾਯੋਗ ਹੈ।


**Inflation-resistant Insurance**

BUS: 682-7531

RES: 254-5837



Sudesh Kalia

**"I've got a plan to help you build a better tomorrow."**

REDUCE YOUR INCOME TAX AND BUILT A GUARANTEED PENSION

MAKE THAT CALL NOW

**NORTH AMERICAN LIFE**

1010-1090 West Georgia St., Vancouver,

# ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ : ਸੀਮਾਂ ਤੇ ਸੰਭਾਵਨਾ

ਸੁਖਿੰਦਰ

ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਦਾ ਜ਼ਿਕਰ ਕਰਨ ਲੱਗਿਆਂ ਭਾਵੇਂ ਸਾਡੇ ਧਿਆਨ ਵਿਚ ਉਹ ਸਾਰੀ ਕਵਿਤਾ ਆ ਸਕਦੀ ਹੈ ਜੋ ਕਿ ਪਿਛਲੇ ਕੁਝ ਕੁ ਦਹਾਕਿਆਂ ਵਿੱਚ ਲਿਖੀ ਗਈ ਹੈ; ਪਰ ਇਸ ਨਿਬੰਧ ਵਿਚ ਵਰਤੇ ਗਏ ਸ਼ਬਦ 'ਨਵੀਂ ਪੰਜਾਬੀ ਕਵਿਤਾ' ਦਾ ਦਾਇਰਾ ਸਿਰਫ਼ ਉਸ ਕਵਿਤਾ ਤੱਕ ਹੀ ਸੀਮਿਤ ਰੱਖਿਆ ਗਿਆ ਹੈ ਜੋ ਕਿ ਕੈਨੇਡਾ ਦੇ 'ਨਵੇਂ' ਕਵੀਆਂ ਵੱਲੋਂ ਪਿਛਲੇ ਦਹਾਕੇ ਵਿਚ ਲਿਖੀ ਗਈ ਹੈ। ਇਸ ਨਿਬੰਧ ਦੀ ਸੀਮਾ ਉਲੀਕ ਲੈਣ ਦਾ ਮੂਲ ਮੰਤਵ ਇਹ ਹੈ ਕਿ ਕੈਨੇਡਾ ਦੇ ਕਾਵਿ-ਮੰਚ ਉੱਤੇ ਉਭਰ ਰਹੇ ਨਵੇਂ ਪੰਜਾਬੀ ਕਵੀਆਂ ਦੀ ਕਵਿਤਾ/ਅਕਵਿਤਾ ਨੂੰ ਪੁਰਾਣੇ ਲੇਖਕਾਂ ਦੀ ਕਵਿਤਾ/ਅਕਵਿਤਾ ਤੋਂ ਵੱਖਰਿਆਂ ਰੱਖ ਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਇਨ੍ਹਾਂ ਨਵੇਂ ਕਵੀਆਂ ਦੀ ਸੂਚੀ ਵਿਚ ਅਸੀਂ ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਸਾਧੂ, ਸੁਰਜੀਤ ਕਲਸੀ, ਅਜਮੇਰ ਰੋਡੇ, ਸੁਖਿੰਦਰ, ਦਰਸ਼ਨ ਗਿੱਲ, ਗੁਰਦਿਆਲ ਸਿੰਘ ਕੰਵਲ, ਮਿੱਤਰ ਰਾਸ਼ਾ, ਸਰਵਨ ਚੌਲ, ਨਾਦ ਜਿੰਦਰ, ਸੂਫ਼ੀ ਅਮਰਜੀਤ, ਅਮਰਜੀਤ ਚਾਹਲ, ਹਰਜਿੰਦਰ ਗਾਹਾ, ਉੱਜਲ ਦੁਸਾਂਝ, ਦਰਸ਼ਨ ਬੈਂਸ, ਸੰਤੋਖ ਸਿੰਘ ਛੀਨਾ, ਅਮਰਜੀਤ ਸਾਨ, ਹਰਮਿੰਦਰ ਕੌਰ, ਰਜਿੰਦਰ, ਸੁਖਵੰਤ ਹੁੰਦਲ, ਹਰਭਜਨ ਸਿੰਘ ਰੇਖਾ, ਜਸਵੰਤ ਕੌਰ ਤਰਵੀਰ, ਦੇਵ ਜਟਾਣਾ, ਹਰੀ ਪਾਲ, ਜਸਵੰਤ ਦੀਸ਼ਾ, ਨਵਦੇਵ ਦਲੈਰ ਅਤੇ ਹੋਰ ਕਿੰਨੇ ਹੀ ਨਾਮ ਗਿਣ ਸਕਦੇ ਹਾਂ। ਇਸ ਲੰਮੀ ਸੂਚੀ ਵਿੱਚੋਂ ਹਾਲ ਤੱਕ ਸਿਰਫ਼ ਉਹਨਾਂ ਕੁਝ ਕੁ ਕਵੀਆਂ ਦਾ ਹੀ ਚਰਚਾ ਛਿੜ ਸਕਿਆ ਹੈ, ਜਿਨ੍ਹਾਂ ਨੇ ਜਾਂ ਤਾਂ ਗਿਣਤੀ ਦੇ ਪੱਖੋਂ ਵਧੇਰੀਆਂ ਕੁ ਨਜ਼ਮਾਂ ਲਿਖੀਆਂ ਅਤੇ ਪ੍ਰਕਾਸ਼ਤ ਕਰਵਾਈਆਂ ਕਿ ਉਹ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚ ਸਕਣ ਤੇ ਜਾਂ ਉਹ ਲੇਖਕ, ਜਿਹੜੇ ਆਪਣੀਆਂ ਰਚਨਾਵਾਂ ਵਿਚਲੀ ਕਿਸੀ ਵਿਲੱਖਣਤਾ ਕਾਰਨ ਕੈਨੇਡਾ ਦੇ ਕਾਵਿ-ਮੰਚ ਉੱਤੇ ਪਛਾਣੇ ਜਾਣੇ ਲੱਗੇ ਹਨ। ਇਸ ਤਰ੍ਹਾਂ ਕੈਨੇਡਾ ਦੀ ਇਸ ਨਵੀਂ ਕਵਿਤਾ ਵਿੱਚ ਉਹ ਕਵਿਤਾ ਵੀ ਸ਼ਾਮਿਲ ਹੈ ਜਿਸ ਵਿਚ ਕਿ ਕੋਈ ਨਵੀਂ ਜਾਂ ਵਿਸ਼ੇਸ਼ ਗੱਲ ਸਾਹਮਣੇ ਆਈ ਹੈ, ਅਤੇ ਇਸ ਵਿਚ ਉਹ ਕਵਿਤਾ ਵੀ ਸ਼ਾਮਿਲ ਹੈ ਜੋ ਕਿ ਕੈਨੇਡਾ ਦੇ ਨਵੇਂ ਪੰਜਾਬੀ ਕਵੀਆਂ ਵੱਲੋਂ ਤਾਂ ਰਚੀ ਗਈ ਹੈ, ਪਰ ਜਿਸ ਵਿਚ ਕੋਈ ਨਵੀਨਤਾ ਵਾਲੀ ਗੱਲ ਨਹੀਂ। ਇਨ੍ਹਾਂ ਨਵੇਂ ਕਵੀਆਂ ਦੀ ਸੰਬੰਧ ਇੱਕੋ ਧਾਰਾ ਦੀ ਕਵਿਤਾ ਨਾਲ ਨਹੀਂ। ਇਸ ਕਵਿਤਾ ਦਾ ਸੰਬੰਧ ਇੱਕੋ ਜਿਹੀਆਂ ਸਮੱਸਿਆਵਾਂ ਨਾਲ ਵੀ ਨਹੀਂ। ਭਾਵੇਂ, ਇਸ ਕਵਿਤਾ ਵਿਚ ਕਈ ਗੱਲਾਂ ਸਾਂਝੀਆਂ ਵੀ ਹਨ ਅਤੇ ਕਈ ਵਿਲੱਖਣ ਵੀ। ਇਹ ਵਿਲੱਖਣਤਾ ਕਾਵਿ-ਰੂਪ ਵਿੱਚ ਵੀ ਹੋ ਸਕਦੀ ਹੈ ਅਤੇ ਕਾਵਿ-ਵਸਤੂ ਵਿਚ ਵੀ।

ਇਸ ਤੋਂ ਪਹਿਲਾਂ ਕਿ ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਬਾਰੇ ਵਿਸ਼ੇਸ਼ ਰੂਪ ਵਿਚ ਗੱਲ ਕੀਤੀ ਜਾਵੇ, ਮੈਂ ਕੁਝ ਚਰਚਾ ਸਮੁੱਚੀ ਬਦੇਸ਼ੀ ਪੰਜਾਬੀ ਕਵਿਤਾ ਬਾਰੇ ਵੀ ਕਰਨੀ ਮੁਨਾਸਿਬ ਸਮਝਦਾ ਹਾਂ। ਕਿਉਂਕਿ ਹਰ ਬੋਲੀ, ਹਰ ਸਾਹਿਤ, ਹਰ ਸਭਿਆਚਾਰ ਦੀ ਆਪਣੀ ਇਕ ਪਰੰਪਰਾ ਹੁੰਦੀ ਹੈ ਅਤੇ ਇਸ ਤਰ੍ਹਾਂ ਸਾਹਿਤ, ਸਭਿਆਚਾਰ ਅਤੇ ਬੋਲੀ ਆਪਣੀ ਆਪਣੀ ਪਰੰਪਰਾ ਵਿਚ ਅੱਗੇ ਤੁਰਦੇ ਜਾਂਦੇ ਹਨ। ਪਰ ਜਦੋਂ ਕਿਸੇ ਬੋਲੀ, ਕਿਸੇ ਸਾਹਿਤ, ਕਿਸੇ ਸਭਿਆਚਾਰ ਦਾ ਵਾਸਤਾ ਕਿਸੇ ਹੋਰ ਸਾਹਿਤ, ਕਿਸੇ ਹੋਰ ਬੋਲੀ, ਕਿਸੇ ਹੋਰ ਸਭਿਆਚਾਰ ਨਾਲ ਪੈਂਦਾ ਹੈ ਤਾਂ ਇਨ੍ਹਾਂ ਦੀ ਇਨ੍ਹਾਂ ਨਾਲ ਸੰਬੰਧਿਤ ਪਰੰਪਰਾਵਾਂ ਦਾ ਵੀ ਆਪਸ ਵਿਚ ਵਾਸਤਾ ਪਵੇਗਾ। ਇਸ ਤਰ੍ਹਾਂ ਜਦੋਂ ਸਾਡੇ ਲੇਖਕ ਦਾ ਵਾਸਤਾ ਬਦੇਸ਼ੀ ਸਭਿਆਚਾਰ ਨਾਲ ਪੈਂਦਾ ਹੈ ਤਾਂ ਇਸ ਦਾ ਅਸਰ ਉਸ ਦੀ ਬੋਲੀ, ਉਸ ਦੇ ਸਾਹਿਤ ਅਤੇ ਸਭਿਆਚਾਰ ਉੱਤੇ ਵੀ ਪੈਂਦਾ ਹੈ। ਇਸ ਗੱਲ ਦਾ ਮਹੱਤਵ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਕਿ ਉਸ ਲੇਖਕ ਦਾ ਵਾਸਤਾ, ਇਨ੍ਹਾਂ ਨਵੀਆਂ ਕਦਰਾਂ ਕੀਮਤਾਂ ਨਾਲ, ਰੋਜ਼ ਮਰ੍ਹਾ ਦੀ ਪੱਧਰ ਉੱਤੇ ਪੈਂਦਾ ਹੋਵੇ। ਇਸ ਤਰ੍ਹਾਂ ਸੰਭਵ ਹੈ ਕਿ ਅਜਿਹੇ ਲੇਖਕ ਦੀ ਰਚਨਾ ਵੀ ਵੱਖਰੇ ਨਕਸ਼ਾਂ ਵਾਲੀ ਹੋਵੇਗੀ। ਉਸ ਸਾਹਿਤ ਦੇ ਮੁਕਾਬਲੇ ਵਿੱਚ ਜੋ ਕਿ ਇਸ ਨਵੇਂ ਸਭਿਆਚਾਰ ਅਤੇ ਇਸ ਨਾਲ ਸੰਬੰਧਿਤ ਕਦਰਾਂ ਕੀਮਤਾਂ ਤੋਂ ਅਭਿੱਜ ਸਾਹਿਤਕਾਰ ਵੱਲੋਂ ਰਚਿਆ ਗਿਆ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਬਦੇਸ਼ੀ ਪੰਜਾਬੀ ਕਵਿਤਾ ਨੂੰ ਸਮਝਣ ਲਈ ਇਸ ਨਾਲ ਸੰਬੰਧਿਤ ਬਦੇਸ਼ੀ ਸਭਿਆਚਾਰ, ਸਮਾਜਿਕ ਪ੍ਰਸਥਿਤੀਆਂ, ਕਦਰਾਂ ਕੀਮਤਾਂ ਦੇ ਨਾਲ ਨਾਲ ਵਿਸ਼ੇਸ਼ ਕਰਕੇ, ਰੋਜ਼-ਮਰ੍ਹਾ ਦੀ ਪੱਧਰ ਉੱਤੇ, ਬਦੇਸ਼ੀ ਪੰਜਾਬੀ ਲੇਖਕ ਉੱਤੇ ਪੈ ਰਹੇ ਨਵੇਂ ਨਵੇਂ ਵਿਗਿਆਨਕ ਅਤੇ ਤਕਨਾਲੋਜੀਕਲ ਆਵਿਸ਼ਕਾਰਕ ਵਾਤਾਵਰਨ ਦੇ ਮਾਨਸਿਕ/ਸਰੀਰਕ ਪੱਧਰ ਉੱਤੇ ਪੈ ਰਹੇ ਅਸਰਾਂ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਮੰਗੀ ਜਿਵਾਇਸ਼ ਸਾਹਿਤ-ਸੰਰਚਨਾ ਦੇ ਨਾਲ ਨਾਲ ਹੀ ਸਮਾਜ-ਸੰਰਚਨਾ ਦੇ ਅਧਿਐਨ ਉੱਤੇ ਵੀ ਜ਼ੋਰ ਦਿੰਦੀ ਹੈ। ਇਸ ਤਰ੍ਹਾਂ ਇਹ ਸਮਝਣ ਵਿਚ ਕੋਈ ਔਖ ਨਹੀਂ ਪੈਂਦਾ ਹੋਵੇਗੀ ਕਿ ਕਾਵਿ ਤੇ ਕਵੀ ਦਾ ਕੀ ਸਬੰਧ ਹੈ। ਪਰ ਇਸ ਦੇ ਨਾਲ ਇਹ ਵੀ ਧਿਆਨ ਵਿਚ ਰੱਖਿਆ ਜਾਵੇ ਕਿ ਕਾਵਿ ਅਤੇ ਕਾਵਿ ਬਾਹਰੀ ਸਮਾਜਿਕ ਸਥਿਤੀਆਂ ਨੂੰ ਕਿਵੇਂ ਕਿੰਨੀ ਹੀ ਅਭਿਵਿਅਕਤ ਕਿੱਤੀ ਜਾਵੇ। ਮੇਰੀ ਰਾਏ ਵਿਚ ਬਦੇਸ਼ੀ ਅਨੁਭਵ ਵਾਲੀ ਜੈਨੂਅਨ ਬਦੇਸ਼ੀ ਕਵਿਤਾ ਦਾ, ਜੈਨੂਅਨ ਵਿਸ਼ਲੇਸ਼ਣ ਕਰਨ ਦਾ ਇਹ ਇਕ ਸਹੀ ਢੰਗ ਹੈ।

ਉਪਰੋਕਤ ਚਰਚਾ ਵਿਚ ਮੇਰਾ ਇਸ਼ਾਰਾ ਸਿਰਫ਼ ਬਦੇਸ਼ੀ ਸਾਹਿਤ ਜਾਂ ਵਿਗਿਆਨਕ (ਚਿੰਤਨ ਜਾਣਕਾਰੀ ਦੇ ਪ੍ਰਭਾਵ ਤੱਕ ਹੀ ਸੀਮਿਤ ਨਹੀਂ; ਇਥੇ ਮੇਰਾ ਸੰਬੰਧ ਵਿਸ਼ੇਸ਼ ਕਰਕੇ ਉਸ ਵਾਤਾਵਰਨ ਨਾਲ ਵੀ ਹੈ ਜੋ ਕਿ, ਪੱਛਮੀ ਮੁਲਕਾਂ ਵਿਚ ਪਦਾਰਥਕ/ਰੁਚੀਆਂ/ਪ੍ਰਾਪਤੀਆਂ ਵਿੱਚੋਂ ਪੈਦਾ ਹੋਇਆ ਹੈ। ਇਹ ਵਾਤਾਵਰਨ ਇਨ੍ਹਾਂ ਪਦਾਰਥਕ ਪ੍ਰਾਪਤੀਆਂ ਦੀ ਗਲਤ ਵਰਤੋਂ/ਠੀਕ ਵਰਤੋਂ ਦੇ ਫਲਸਰੂਪ ਪੈਦਾ ਹੋ ਸਕਦਾ ਹੈ। ਇਸੇ ਵਾਤਾਵਰਨ ਵਿੱਚੋਂ ਹੀ ਹਿੱਪੀ ਪੀੜ੍ਹੀ ਕਲਚਰ, ਡਰਗ ਕਲਚਰ, ਜਾਂ ਕਾਉਂਟਰ ਕਲਚਰ ਪੈਦਾ ਹੋਇਆ ਸੀ। ਇਹ ਸਭਿਆਚਾਰਕ ਵਿਦਰੋਹ ਉਸ ਸਾਰੇ ਮਸ਼ੀਨੀ ਸਭਿਆਚਾਰ ਦੇ ਵਿਰੁੱਧ ਸੀ ਜਿਸਦੀ

ਪਰਤੂ ਇਹ ਅੱਜ ਪੱਛਮੀ ਮਨੁੱਖ ਸਿਰਜਿਆ ਜਾ ਰਿਹਾ ਹੈ ਅਤੇ ਜਿਸ ਮਸ਼ੀਨੀ ਸਭਿਆਚਾਰ ਦੀ ਸੂਰਤ ਭਵਿੱਖ ਵਿੱਚ ਹੋਰ ਵੀ ਵਧੇਰੇ ਸਪਸ਼ਟ ਹੋਵੇਗੀ। ਇਸ ਮਸ਼ੀਨੀ ਸਭਿਆਚਾਰ ਦੇ ਚਿੰਨ੍ਹ ਨੂੰ ਕੈਨੇਡਾ ਦੇ ਕੁਝ ਨਵੇਂ ਪੰਜਾਬੀ ਕਵੀਆਂ ਨੇ ਵੀ ਆਪਣੀ ਕਵਿਤਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਹੈ:

(1) ਮਸ਼ੀਨ ਨੇ ਘੜੇ ਨੂੰ ਨੋਟਿਸ ਭੇਜਿਆ ਹੈ
ਤੂੰ ਮੈਨੂੰ ਚਲਾਵੇਂਗਾ
ਜਾਂ ਮੈਂ ਤੈਨੂੰ ਚਲਾਵਾਂ

("ਮਸ਼ੀਨ ਨੇ ਘੜੇ ਨੂੰ ਨੋਟਿਸ ਭੇਜਿਆ ਹੈ" – ਅਜਮੇਰ ਰੋਡੇ)

(2) ਇਹ ਪੱਛਮ ਹੈ
ਅਸੀਂ ਮਸ਼ੀਨਾਂ ਵਾਂਗ
ਪਿਆਰ ਪਿਆਰ ਕਰਦੇ ਹਾਂ

("ਇਹ ਪੱਛਮ ਹੈ" – ਸੁਖਵਿੰਦਰ)

ਇਨ੍ਹਾਂ ਕਾਵਿ ਪੰਕਤੀਆਂ ਵਿਚ ਉਸੀ ਡਰ/ਸਹਿਮ/ਘਬਰਾਹਟ ਦਾ ਪ੍ਰਗਟਾ ਕੀਤਾ ਹੋਇਆ ਹੈ ਜਿਸਨੂੰ ਹਰਬਰਟ ਮਾਰਕੂਜ਼ੇ ਨੇ 'ਵਨ ਡਾਈਮੈਨਸ਼ਨਲ ਮੈਨ' ਕਿਹਾ ਹੈ। ਜਾਂ ਜਿਸ ਗੱਲ ਬਾਰੇ ਸਾਨੂੰ ਐਫ.ਐਚ. ਜਾਰਜ ਮੁੜ ਮੁੜ ਚੇਤਾਵਨੀ ਦਿੰਦਾ ਹੈ:

> *Man must avoid committing too much into the hands of machines, even though it is possible to do so. Technological possibility must not be the dictator but the helpmate.*[2]

ਮਸ਼ੀਨੀ ਸਭਿਆਚਾਰ ਵਿਚ ਮਨੁੱਖ ਮਸ਼ੀਨੀ ਜੂਨੀ ਭੋਗੇਗਾ, ਮਸ਼ੀਨ ਦੀ ਤਰ੍ਹਾਂ ਸੋਚੇਗਾ ਅਤੇ ਮਸ਼ੀਨ ਦੀ ਤਰ੍ਹਾਂ ਹੀ ਵਿਵਹਾਰ ਕਰੇਗਾ। ਅਜਿਹੇ ਸਭਿਆਚਾਰ ਵਿਚ ਮਨੁੱਖੀ ਕਦਰਾਂ ਕੀਮਤਾਂ ਨੂੰ ਇਕ ਪਾਸੇ ਰੱਖ, ਤਰਕ ਦੀ ਮਦਦ ਨਾਲ, ਮਸ਼ੀਨਾਂ ਨਫੇ ਅਤੇ ਨੁਕਸਾਨ ਦਾ ਫੈਸਲਾ ਕਰਨਗੀਆਂ। ਉਪਰ ਦਰਜ ਅਧੀਨ ਲਿਖਾਰੀਆਂ ਨਜ਼ਮਾਂ ਵਿਚ ('ਮਸ਼ੀਨ ਨੇ ਘੜੇ ਨੂੰ ਨੋਟਿਸ ਭੇਜਿਆ ਹੈ', 'ਇਹ ਪੱਛਮ ਹੈ') ਕਵੀ ਅਜਮੇਰ ਰੋਡੇ ਅਤੇ ਸੁਖਵਿੰਦਰ ਵਰਤਮਾਨ ਦਾ ਜ਼ਿਕਰ ਕਰਦਿਆਂ ਭਵਿੱਖ ਵੱਲ ਵੀ ਇਸ਼ਾਰਾ ਕਰਦੇ ਹਨ ਕਿ ਮਨੁੱਖ ਜੋ ਅੱਜ ਵੱਧ ਤੋਂ ਵੱਧ ਸ਼ਕਤੀਸ਼ਾਲੀ ਮਸ਼ੀਨਾਂ ਬਣਾਉਣ ਦੀ ਕੋਸ਼ਿਸ਼ ਵਿੱਚ ਹੈ ਕਲ੍ਹ ਨੂੰ ਇਨ੍ਹਾਂ ਮਸ਼ੀਨਾਂ ਦੀ ਹੀ ਗ਼ੁਲਾਮੀ ਵਿਚ ਨਾ ਆ ਜਾਵੇ। ਅਜਿਹਾ ਮਸ਼ੀਨੀ ਸਭਿਆਚਾਰ ਅਤੇ ਸਮਾਜ ਕਿਹੋ ਜਿਹਾ ਹੋਵੇਗਾ? ਇਸਦੀ ਭਵਿੱਖਬਾਣੀ ਐਲਡਸ ਹਕਸਲੇ ਨੇ ਬਰੇਵ ਨਿਊ ਵਰਲਡ ਅਤੇ ਜਾਰਜ ਓਰਵਲ ਨੇ ਆਪਣੀ ਪੁਸਤਕ 1984 ਵਿਚ ਕੀਤੀ ਸੀ। ਇਸ ਸਮਾਜ ਦੀ ਉਸਾਰੀ ਦੇ ਚਿੰਨ੍ਹ ਹੁਣ ਤੋਂ ਹੀ ਉਭਰਨੇ ਸ਼ੁਰੂ ਹੋ ਚੁੱਕੇ ਹਨ। ਵਿਗਿਆਨ ਅਤੇ ਤਕਨਾਲੋਜੀ ਵਿਚ control ਅਤੇ communications ਦੇ ਖੇਤਰ ਵਿਚ ਹੁਣ ਤੱਕ ਹੋਈਆਂ ਸ਼ਾਨਦਾਰ ਪ੍ਰਾਪਤੀਆਂ ਹੀ ਪੱਛਮੀ ਮੁਲਕਾਂ ਦੇ ਮਨੁੱਖਾਂ ਦੀ ਚਿੰਤਾ ਦਾ ਕਾਰਨ ਬਣਨ ਲੱਗੀਆਂ ਹਨ। ਕੰਪਿਊਟਰ ਕੰਟਰੋਲਡ ਸਮਾਜ ਵਿਚ ਪਰਾਈਵੇਸੀ ਨਾਮ ਦੀ, ਚਾਲਕੀ ਬਣਾਉਣ ਦੀ, ਕੰਪਿਊਟਰ ਦੀ ਗ਼ਲਤ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਕੋ ਹੀ ਬਸ ਨਹੀਂ, ਉਦਾਹਰਣ ਦੇ ਤੌਰ ਤੇ Data Banks ਵਿਚ ਹਰ ਸ਼ਹਿਰੀ ਬਾਰੇ ਜਾਣਕਾਰੀ ਹੋਣ ਕਰਕੇ ਕੋਈ ਵੀ ਇਹ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਦੀ ਗ਼ਲਤ ਵਰਤੋਂ ਵੀ ਕਰ ਸਕਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਦਫ਼ਤਰਾਂ ਅਤੇ ਘਰਾਂ ਤੀਕ ਖ਼ੁਫ਼ੀਆ ਕੈਮਰੇ ਅਤੇ ਟੀ.ਵੀ. ਕੰਟਰੋਲਡ ਸਿਕਿਉਰਟੀ ਸਿਸਟਮਜ਼ ਦੀ ਵਰਤੋਂ ਕਰਕੇ, ਖ਼ੁਫ਼ੀਆ ਪੁਲਿਸ ਅਤੇ ਹੋਰ ਸਰਕਾਰੀ ਸੰਸਥਾਵਾਂ ਮਨੁੱਖੀ ਨਿੱਜੀ ਆਜ਼ਾਦੀ ਦਾ ਮਜ਼ਾਕ ਉਡਾ ਸਕਦੀਆਂ ਹਨ। ਇਸ ਤਰ੍ਹਾਂ ਪੱਛਮੀ ਮੁਲਕਾਂ ਵਿਚ ਜਿੱਥੇ ਨਿਊਕਲੀਅਰ ਇਨਰਜੀ ਦੀ ਵਰਤੋਂ ਮਨੁੱਖਤਾ ਦੇ ਕਲਿਆਣ ਲਈ ਕੀਤੀ ਜਾ ਰਹੀ ਹੈ ਉਥੇ ਇਸ ਦੇ ਨਾਲ ਹੀ ਇਸ ਦੀ ਨਿਊਕਲੀਅਰ ਵੇਸਟ ਦੇ ਅਸਰਾਂ ਅਧੀਨ ਕੈਂਸਰ ਵਰਗੀਆਂ ਬੀਮਾਰੀਆਂ ਵਿਚ ਵੀ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਸ ਦੇ ਨਾਲ ਹੀ ਪੱਛਮੀ ਮੁਲਕਾਂ ਵਿਚ ਨਿਊਕਲੀਅਰ ਇਨਰਜੀ ਦੀ ਤਬਾਹਕੁਨ ਸ਼ਕਤੀ ਦੇ ਡਰ ਕਰਕੇ ਵੀ, ਨਿਊਕਲੀਅਰ ਇਨਰਜੀ ਦੇ ਵਿਰੋਧ ਵਿੱਚ ਇਕ ਸ਼ਕਤੀਸ਼ਾਲੀ ਆਵਾਜ਼ ਉਠ ਰਹੀ ਹੈ। ਇਹ ਕੁਝ ਅਜਿਹੇ ਵਿਸ਼ੇ ਹਨ ਜੋ ਕਿ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਕੈਨੇਡਾ ਦੀ ਨਵੀਂ ਕਵਿਤਾ ਵਿੱਚ ਕੁਝ ਕਵੀਆਂ ਵਲੋਂ ਪ੍ਰਗਟਾਏ ਗਏ ਹਨ।

(2) F.H. George, Cybernetics And The Environment, Paul Elek London, 1977. PP. 27.

ਚਲਦਾ

ਸ੍ਰੀ ਮਾਨ ਜੀ
* ਮੈਂ ... ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਮੇਰੇ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ... ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਹਨਾਂ ... ਦੇ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਜਦੋਂ ਤੁਹਾਡਾ ਪਤਾ ਬਦਲੇ
ਕਿਰਪਾ ਕਰਕੇ ਭੇਜਣਾ:
i) ਨਵਾਂ ਪਤਾ
ii) ਜ਼ਿਪ ਕੋਡ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ ਭੇਜੋ

# ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿੱਚ ਕਰਵਾਉਣ ਬਾਰੇ ...!

(ਇਕਬਾਲ ਰਾਮੂਵਾਲੀਆ / ਸੁਖਿੰਦਰ ਟੋਰਾਂਟੋ, ਕੈਨੇਡਾ)

ਬਰਤਾਨਵੀ ਵਿਸ਼ਵ ਪੰਜਾਬੀ ਸੰਮੇਲਨ ਵਿੱਚ ਬਣੀ ਇੱਕ ਅੰਤਰਰਾਸ਼ਟਰੀ ਕਮੇਟੀ ਵੱਲੋਂ ਅਗਲਾ ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿੱਚ ਕੀਤੇ ਜਾਣ ਦਾ ਐਲਾਨ ਹੋਇਆ ਹੈ। ਕਿਉਂਕਿ ਇਸ ਪ੍ਰਸਤਾਵਤ ਸੰਮੇਲਨ ਬਾਰੇ ਕੈਨੇਡਾ ਦੀ ਕਿਸੇ ਸਾਹਿੱਤਕ ਸੰਸਥਾ ਜਾਂ ਕਿਸੇ ਨਿਰਪੱਖ ਲੇਖਕ ਜਥੇਬੰਦੀ ਨੂੰ ਪੁੱਛਿਆ ਤੱਕ ਨਹੀਂ ਗਿਆ, ਇਸ ਲਈ ਅਜਿਹੇ ਸੰਮੇਲਨ ਦਾ ਐਲਾਨ ਕੈਨੇਡਾ ਦੇ ਲੇਖਕਾਂ ਨਾਲ ਇਕ ਤਰ੍ਹਾਂ ਮਖੌਲ ਸਮਝਿਆ ਜਾਣਾ ਚਾਹੀਦਾ ਹੈ। ਕੈਨੇਡਾ ਦੇ ਪੰਜਾਬੀ ਲੇਖਕਾਂ, ਜਿਨ੍ਹਾਂ ਵਿੱਚ ਗੁਰਚਰਨ ਰਾਮਪੁਰੀ, ਤਾਰਾ ਸਿੰਘ ਹੇਅਰ, ਅਜਮੇਰ, ਸੁਰਜੀਤ, ਸੁਖਿੰਦਰ, ਇਕਬਾਲ, ਧੰਜਲ, ਭਾਰਤੀ, ਸਾਧੂ, ਚੈਨ, ਭਿੰਡਰ, ਸੂਫ਼ੀ ਅਮਰਜੀਤ ਅਤੇ ਜਸਵੰਤ ਹੁੰਦਲ ਆਦਿ ਸ਼ਾਮਲ ਹਨ, ਨੇ ਮੀਟਿੰਗਾਂ, ਖ਼ਤਾਂ ਅਤੇ ਟੈਲੀਫ਼ੋਨਿਕ ਗੱਲਾਂ ਬਾਤਾਂ ਰਾਹੀਂ ਇਸ ਸੰਮੇਲਨ ਬਾਰੇ ਜੋ ਬਹਿਸ ਚਲਾਈ ਉਸ ਵਿੱਚੋਂ ਆਮ ਪ੍ਰਭਾਵ ਇਹ ਉਭਰਿਆ ਕਿ ਕੈਨੇਡਾ ਦੇ ਲੇਖਕਾਂ ਦਾ ਵੱਡਾ ਹਿੱਸਾ ਅਜਿਹੇ ਸੰਮੇਲਨ ਦੇ ਵਿਰੁਧ ਹੈ। ਇਸ ਵਿਰੋਧ ਦੀ ਮਹੱਤਤਾ ਇਸ ਲਈ ਵੀ ਵਧ ਜਾਂਦੀ ਹੈ ਕਿ ਅੰਤਰ ਰਾਸ਼ਟਰੀ ਸੰਮੇਲਨ ਕਮੇਟੀ ਵਿੱਚ ਲਏ ਦੋ ਕੈਨੇਡੀਅਨ ਮੈਂਬਰ, ਰਾਮਪੁਰੀ ਅਤੇ ਅਜਮੇਰ ਰੋਡੇ, ਵੀ ਅਜੇਹੇ ਸੰਮੇਲਨ ਦੀ ਪ੍ਰਸਤਾਵਨਾ ਦੇ ਹੱਕ ਵਿੱਚ ਨਹੀਂ। ਕੈਨੇਡੀਅਨ ਲੇਖਕਾਂ ਦੀ ਇਸ ਵਿਰੋਧਮਈ ਰਾਇ ਦੀ ਸੂਚਨਾ "ਵਤਨੋਂ ਦੂਰ" (ਕੈਨੇਡਾ), "ਇੰਡੋ-ਕੈਨੇਡੀਅਨ ਟਾਈਮਜ਼" (ਕੈਨੇਡਾ) ਅਤੇ "ਪ੍ਰੀਤ ਲੜੀ", "ਆਰਸੀ" ਤੇ "ਰਤਨ" (ਪ੍ਰੀਤ ਨਗਰ) ਵਿੱਚ ਛਪ ਚੁੱਕੀ ਹੈ। ਉਪਰੋਕਤ ਵਿਰੋਧ ਦੇ ਬਾਵਜੂਦ ਵਿਸ਼ਵ ਪੰਜਾਬੀ ਸੰਮੇਲਨ ਦੇ ਭਾਰਤੀ ਕਰਤਾ ਧਰਤਾ ਪ੍ਰੀਤਮ ਸਿੰਘ ਨੇ ਔਟਵਾ ਵਿੱਚ ਰਹਿੰਦੇ ਭਾਰਤੀ ਪਿਛੋਕੜ ਦੇ ਇੱਕ ਅੰਗ੍ਰੇਜ਼ੀ ਲਿਖਾਰੀ ਸਟੀਫ਼ਨ ਗਿੱਲ ਨੂੰ ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਦਾ ਪ੍ਰਬੰਧਕ ਥਾਪ ਦਿੱਤਾ ਹੈ। ਸਟੀਫ਼ਨ ਨੇ ਜਦੋਂ ਗੁਰਦੀਪ ਚੌਹਾਨ ਤੇ ਮਿੱਤਰ ਰਾਸ਼ਾ ਨੂੰ ਵਿਸ਼ਵ ਸੰਮੇਲਨ ਦੀ ਤਿਆਰੀ ਬਾਰੇ ਵਿਚਾਰ ਕਰਨ ਲਈ ਆਪਣੇ ਘਰ ਸੱਦਿਆ ਤਾਂ ਉਥੇ ਸੁਖਿੰਦਰ ਵੀ ਜਾ ਪਹੁੰਚਿਆ। ਸੁਖਿੰਦਰ ਨੇ ਅਜੇਹੇ ਸੰਮੇਲਨ ਦਾ ਵਿਰੋਧ ਕਰਦਿਆਂ ਪੁੱਛਿਆ ਕਿ ਜਦੋਂ ਕੈਨੇਡਾ ਦੇ ਪੰਜਾਬੀ ਲਿਖਾਰੀ ਆਮ ਕਰਕੇ ਇਸ ਸੰਮੇਲਨ ਦਾ ਵਿਰੋਧ ਪ੍ਰਗਟ ਕਰ ਚੁੱਕੇ ਹਨ ਤਾਂ ਸਟੀਫ਼ਨ ਗਿੱਲ ਕਿਸ ਹੈਸੀਅਤ ਵਿੱਚ ਇਸ ਸੰਮੇਲਨ ਦਾ ਪ੍ਰਬੰਧਕ ਬਣ ਰਿਹਾ ਹੈ; ਤਾਂ ਸਟੀਫ਼ਨ ਦਾ ਉੱਤਰ ਸੀ ਕਿ ਪ੍ਰੀਤਮ ਸਿੰਘ ਤੇ ਆਹਲੂਵਾਲੀਆ ਉਸਦੇ ਯਾਰ ਬੇਲੀ ਹਨ ਇਸ ਲਈ ਉਹਨਾਂ ਨੂੰ ਇੱਥੇ ਸੱਦ ਲਿਆ ਜਾਵੇਗਾ। ਚੌਹਾਨ ਤੇ ਰਾਸ਼ੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਵਚਨ ਸੁਣਦਿਆਂ ਹੀ ਸਟੀਫ਼ਨ ਨੇ ਰਾਸ਼ੇ ਨੂੰ ਸਵਾਗਤੀ ਕਮੇਟੀ ਦੀ ਪ੍ਰਧਾਨਗੀ ਅਤੇ ਚੌਹਾਨ ਨੂੰ ਪਬਲੀਸਿਟੀ ਕਮੇਟੀ ਦੀ ਚੇਅਰਮੈਨੀ ਦੀਆਂ ਬਖ਼ਸ਼ਿਸ਼ਾਂ ਕਰ ਦਿੱਤੀਆਂ।

ਬਰਤਾਨੀਆਂ ਵਿੱਚ ਜੋ ਵਿਸ਼ਵ ਸੰਮੇਲਨ ਹੋਇਆ ਸੀ ਉਸ ਬਾਰੇ ਚੱਲੀ ਬਹਿਸ 'ਚੋਂ ਮੁੱਖ ਵਿਚਾਰ ਇਹ ਉਭਰਿਆ ਸੀ ਕਿ ਅਜੇਹੇ ਸੰਮੇਲਨ ਭਾਰਤ ਜਾਂ ਪਾਕਿਸਤਾਨ ਤੋਂ ਬਾਹਰ ਨਹੀਂ ਕੀਤੇ ਜਾਣੇ ਚਾਹੀਦੇ। ਵਿਸ਼ਵ ਸੰਮੇਲਨ ਦੇ ਹਮਾਇਤੀ ਇਸ ਵਿਚਾਰ ਦਾ ਕੋਈ ਠੋਸ ਜੁਆਬ ਨਹੀਂ ਦੇ ਸਕੇ। ਅਸੀਂ ਵੀ ਕੈਨੇਡਾ ਵਿੱਚ ਪ੍ਰਸਤਾਵਤ ਵਿਸ਼ਵ ਪੰਜਾਬੀ ਸੰਮੇਲਨ ਕਰਵਾਏ ਜਾਣ ਨੂੰ ਇਕ ਫ਼ਜ਼ੂਲ ਕਾਰਵਾਈ ਸਮਝਦੇ ਹਾਂ। ਪਹਿਲੀ ਗੱਲ ਤਾਂ ਇਹ ਕਿ ਅਜੇਹੇ ਸੰਮੇਲਨ ਹੋਣੇ ਹੀ ਪੰਜਾਬ ਵਿੱਚ ਚਾਹੀਦੇ ਹਨ। ਇਹ ਭੂਗੋਲਿਕ ਕਾਰਨਾਂ ਕਰਕੇ ਵੀ ਅਤੇ ਆਰਥਕ ਕਾਰਨਾਂ ਕਰਕੇ ਵੀ ਠੀਕ ਜਾਪਦਾ ਹੈ। ਭਾਰਤ ਵਿਚੋਂ ਜਾਂ ਪਾਕਿਸਤਾਨ ਵਿੱਚੋਂ ਪੰਦਰਾਂ ਵੀਹ ਹਜ਼ਾਰ ਰੁਪਏ ਖਰਚਕੇ ਕਿੰਨੇ ਕੁ ਲੇਖਕ ਕੈਨੇਡਾ ਦੇ ਸੰਮੇਲਨ ਵਿੱਚ ਸ਼ਾਮਲ ਹੋ ਸਕਦੇ ਹਨ? ਇਹ ਗੱਲ ਵੱਖਰੀ ਹੈ ਕਿ ਸਰਕਾਰੀ ਸਰਕਲਾਂ ਦੇ ਨੇੜਲੇ ਲਿਖਾਰੀ ਐਸ ਸੰਮੇਲਨ ਦੇ ਬਹਾਨੇ ਸ਼ਾਇਦ ਸਰਕਾਰੀ ਪੈਸਾ ਮਾਣ ਸਕਣ - ਪਰ ਇੰਞ ਲੇਖਕ ਨਹੀਂ ਆ ਸਕਣਗੇ ਸਿਰਫ਼ ਸਰਕਾਰੀ ਨੁਮਾਇੰਦੇ ਹੀ ਆਉਣਗੇ। ਦੂਜੀ ਸਮੱਸਿਆ ਇਹ ਵੀ ਹੈ ਕਿ ਕੈਨੇਡਾ ਦੇ ਇੰਮੀਗਰੇਸ਼ਨ ਦੇ ਨਿਯਮਾਂ ਦੀ ਸਖ਼ਤੀ ਕਰਕੇ ਅਤੇ ਭਾਰਤ-ਪਾਕਿ ਦੀ ਰਾਜਨੀਤਕ ਸਖ਼ਤੀ ਕਰਕੇ ਲੇਖਕਾਂ ਨੂੰ ਭਾਰਤ-ਪਾਕਿ ਵਿਚੋਂ ਬਾਹਰ ਆਉਣ ਅਤੇ ਕੈਨੇਡਾ ਵਿੱਚ ਦਾਖ਼ਲ ਹੋਣ ਵਿੱਚ ਬਹੁਤ ਮੁਸ਼ਕਲਾਂ ਆਉਣਗੀਆਂ। ਇਸਦੇ ਉਲਟ ਜੇਕਰ ਇਹੀ ਸੰਮੇਲਨ ਭਾਰਤ ਵਿੱਚ ਹੋਵੇ ਤਾਂ ਬਦੇਸ਼ੀ ਲੇਖਕਾਂ ਨੂੰ ਭਾਰਤ ਆਉਣ ਲਈ ਮਾਇਕ ਜਾਂ ਹੋਰ ਮੁਸ਼ਕਲਾਂ ਦੀ ਸੰਭਾਵਨਾ ਘੱਟ ਹੈ ਸਗੋਂ ਬਾਹਰਲੇ ਲੇਖਕ ਇਸ ਬਹਾਨੇ ਆਪਣੇ ਮਿੱਤਰਾਂ ਸੰਬੰਧੀਆਂ ਨੂੰ ਮਿਲ ਜਾਣਗੇ।

ਫਰਜ਼ ਕਰੋ ਕਿ ਕਿਸੇ ਕੌਤਕ ਦੇ ਜ਼ਰੀਏ ਭਾਰਤ ਵਿਚੋਂ ਸੌ ਕੁ ਮੁਖੀ <u>ਲੇਖਕ</u> ਕੈਨੇਡਾ ਆ ਵੀ ਜਾਣ ਤਾਂ ਉਹਨਾਂ ਦੀ ਦੇਖ ਭਾਲ ਲਈ ਬਹੁਤ ਵੱਡੇ ਖਰਚ ਦੀ ਸੰਭਾਵਨਾ ਹੈ। ਇਥੋਂ ਦਾ ਮਾੜੇ ਤੋਂ ਮਾੜਾ ਹੋਟਲ ਵੀ ਵੀਹ ਡਾਲਰ ਤੋਂ ਘੱਟ ਕਮਰਾ ਕਿਰਾਏ ਉੱਤੇ ਨਹੀਂ ਦਿੰਦਾ ਅਤੇ ਇੱਕ ਕਮਰੇ ਵਿੱਚ ਦੋ ਤੋਂ ਵੱਧ ਬੰਦੇ ਰਹਿਣ ਦੀ ਆਗਿਆ ਨਹੀਂ ਮਿਲੇਗੀ। ਏਸ ਤੋਂ ਬਿਨਾਂ ਆਵਾਜਾਈ, ਤੇ ਖਾਣ ਦੇ ਖ਼ਰਚੇ ਵੀ ਕਾਫ਼ੀ ਵੱਡੇ ਹੀ ਹੋਣਗੇ। ਇੱਕ ਮੋਟੇ ਅੰਦਾਜ਼ੇ ਮੁਤਾਬਕ ਜੇਕਰ ਇੱਕ ਸੌ ਲੇਖਕ ਔਣ ਤੇ ਦਸ ਦਿਨ ਵਿੱਚ ਜੇਕਰ ਇੱਕ ਆਦਮੀ ਉਤੇ ਔਸਤ ਸੌ ਡਾਲਰ ਖਰਚਿਆ ਜਾਵੇ ਤਾਂ ਦਸ ਹਜ਼ਾਰ ਡਾਲਰ ਖਰਚ ਆਵੇਗਾ, ਅਤੇ ਸੌ ਡਾਲਰ ਪ੍ਰਤੀ ਵਿਅਕਤੀ ਨਾਲ ਓਨੀ ਕੁ ਪ੍ਰਾਹੁਣਚਾਰੀ ਹੀ ਹੋ ਸਕੇਗੀ ਜਿੰਨੀ ਬਠਿੰਡੇ ਦੀਆਂ ਸਟੇਸ਼ਨ ਲਾਗਲੀਆਂ ਸਰਾਵਾਂ ਵਿੱਚ ਵੀਹ ਰੁਪਏ ਰਾਤ ਦੇ ਦੇਕੇ ਮੱਛਰ ਨਾਲ ਪਿੰਡੇ ਤੇ ਕੰਨ ਭੁਣਕਾਇਆਂ ਹੁੰਦੀ ਹੈ। ਜੇਕਰ ਕੈਨੇਡੀਅਨ ਜਾਂ ਹੋਰ ਬਦੇਸ਼ੀ ਲੇਖਕਾਂ ਨੂੰ ਲੇਖਕ ਇਕੱਠੇ ਕਰਨ ਦਾ ਬਹੁਤਾ ਹੀ ਹੇਜ ਹੈ ਤਾਂ ਕਿਉਂ ਨਹੀਂ ਉਹ ਇਹੀ ਦਸ ਹਜ਼ਾਰ ਡਾਲਰ ਭਾਰਤ ਦੀ ਕਿਸੇ ਲੇਖਕ ਜੱਥੇਬੰਦੀ ਨੂੰ ਭੇਜਦੇ। ਭਾਰਤ ਵਿੱਚ ਇਹੀ ਦਸ ਹਜ਼ਾਰ ਡਾਲਰ ਸੱਤਰ ਹਜ਼ਾਰ ਰੁਪਿਆ ਬਣ ਜਾਵੇਗਾ ਤੇ ਘੱਟੋ ਘੱਟ ਤਿੰਨ ਵਿਸ਼ਵ ਸੰਮੇਲਨਾਂ ਲਈ ਕਾਫ਼ੀ ਹੋਵੇਗਾ।

ਉਂਜ ਵੀ ਕੈਨੇਡਾ ਵਿੱਚ ਤਾਂ ਅਜੇ ਤੀਕ ਕੋਈ ਸਰਬ ਕੈਨੇਡੀਅਨ ਪੰਜਾਬੀ ਸਾਹਿਤ ਸੰਮੇਲਨ ਕਰਨ ਵਾਲੇ ਹਾਲਾਤ ਵੀ ਪੈਦਾ ਨਹੀਂ ਹੋ ਸਕੇ, ਵਿਸ਼ਵ ਸੰਮੇਲਨ ਤਾਂ ਬਹੁਤ ਦੂਰ ਦੀ ਗੱਲ ਹੈ।

ਜਿਵੇਂ ਕਿ ਅਜਮੇਰ ਨੇ ਲਿਖਿਆ ਸੀ, ਬਰਤਾਨੀਆਂ ਵਾਲੇ ਸੰਮੇਲਨ ਨੇ ਬਰਤਾਨਵੀ ਪੰਜਾਬੀ ਲਿਖਾਰੀਆਂ ਨੂੰ ਬੁਰੀ ਤਰਾਂ ਪਾੜ ਦਿੱਤਾ ਹੈ ਤੇ ਅਜੇਹਾ ਸੰਮੇਲਨ ਸਾਨੂੰ ਕੈਨੇਡੀਅਨ ਲਿਖਾਰੀਆਂ ਨੂੰ ਵੀ ਦੂਰ ਦੂਰ ਹੀ ਕਰੇਗਾ।

ਕਿਉਂਕਿ ਪੰਜਾਬੀ ਸਾਹਿਤ ਦਾ ਬਹੁਤਾ ਸੰਬੰਧ ਭਾਰਤ-ਪਾਕਿ ਦੀ ਧਰਤੀ, ਲੋਕ, ਰੀਤੀ ਰਿਵਾਜ, ਸਮਾਜਕ, ਆਰਥਕ ਅਤੇ ਰਾਜਨੀਤਕ ਸਥਿਤੀਆਂ ਨਾਲ ਹੈ ਇਸ ਲਈ ਅਜੇਹਾ ਸੰਮੇਲਨ ਭਾਰਤ ਜਾਂ ਪਾਕਿਸਤਾਨ ਵਿੱਚ ਹੀ ਹੋਣਾ ਚਾਹੀਦਾ ਹੈ ਤਾਂ ਕਿ ਸਥਾਨਕ ਲੇਖਕਾਂ ਦੀਆਂ ਸਮੱਸਿਆਵਾਂ, ਲੋਕਾਂ ਦੀਆਂ ਸਮੱਸਿਆਵਾਂ ਆਦਿਕ ਤੇ ਪੂਰੀ ਵਿਚਾਰ ਹੋ ਸਕੇ। ਜੇਕਰ ਬਾਹਰ ਵਸਦੇ ਪੰਜਾਬੀ ਲੇਖਕ ਸੱਚਮੁੱਚ ਹੀ ਪੰਜਾਬੀ ਵਿਸ਼ਵ ਸੰਮੇਲਨ ਦੀ ਲੋੜ ਮਹਿਸੂਸ ਕਰਦੇ ਹਨ ਤਾਂ ਇਸ ਸੰਮੇਲਨ ਨੂੰ ਭਾਰਤ ਜਾਂ ਪਾਕਿਸਤਾਨ ਵਿੱਚ ਕਰਵਾਉਣ ਤੇ ਜ਼ੋਰ ਦੇਣ ਅਤੇ ਉਥੋਂ ਦੇ ਪ੍ਰਬੰਧਕਾਂ ਦੀ ਦਿਲ ਖੋਲ੍ਹਕੇ ਆਰਥਕ ਮੱਦਦ ਕਰਨ।

ਕੈਨੇਡਾ ਦੇ ਲੇਖਕ ਆਮ ਤੌਰ ਤੇ ਇਹ ਵਿਚਾਰ ਰਖਦੇ ਹਨ ਕਿ ਅਜੇਹੇ ਸੰਮੇਲਨ ਦੀ ਕੈਨੇਡਾ ਵਿੱਚ ਨਾ ਤਾਂ ਲੋੜ ਹੈ ਤੇ ਨਾ ਹੀ ਸੰਭਾਵਨਾ ਹੈ। ਮੌਜੂਦਾ ਸਥਿਤੀ ਵਿੱਚ ਜੇਕਰ ਵਿਸ਼ਵ ਸੰਮੇਲਨ ਹੋਵੇਗਾ ਤਾਂ ਇਸਨੂੰ ਪੰਜਾਬੀ ਲੇਖਕਾਂ ਨੇ ਕੋਈ ਸਹਿਯੋਗ ਨਹੀਂ ਦੇਣਾ। ਹਾਂ ਕੁਝ ਵਪਾਰੀ-ਨੁਮਾ ਸਾਹਿਤਕਾਰ ਇਸ ਸੰਮੇਲਨ ਦੇ ਪੂਰੇ ਕਰਤਾ ਧਰਤਾ ਹੋਣਗੇ ਇਹਨਾਂ ਲੋਕਾਂ ਨੂੰ ਸਾਹਿਤ ਜਾਂ ਲਿਖਾਰੀਆਂ ਦੀ ਤਾਂ ਕੋਈ ਘਾਟ ਵਾਧ ਨਹੀਂ, ਇਹਨਾਂ ਦੇ ਕੁਝ ਆਪਣੇ ਮੁਫ਼ਾਦ ਜ਼ਰੂਰ ਹਨ। ਜਿਹੜੇ ਇੱਕ ਦੋ ਬੰਦੇ ਇਸ ਸੰਮੇਲਨ ਦੇ ਸਟੰਟ ਵਿੱਚ ਬਹੁਤੇ ਸਰਗਰਮ ਹਨ ਉਨ੍ਹਾਂ ਦੀ ਨਜ਼ਰ ਭਾਰਤ ਵਿੱਚ ਪਲਾਟਾਂ ਜਾਂ ਹੋਰ ਲਾਭਾਂ ਉੱਤੇ ਹੈ ਜੋ ਭਾਰਤੀ ਸਰਕਾਰੀ ਪਦਵੀਆਂ ਉਤੇ ਲੱਗੇ ਲੇਖਕਾਂ ਨੂੰ ਖੁਸ਼ ਕਰਕੇ ਪਰਾਪਤ ਕੀਤੇ ਜਾ ਸਕਦੇ ਹਨ। ਦੂਜਾ ਵਿਸ਼ਵ ਪੰਜਾਬੀ ਸੰਮੇਲਨ ਦੀ ਡੌਂਡੀ ਪਿੱਟਕੇ ਇਹਨਾਂ ਲੋਕਾਂ ਨੇ ਸਰਕਾਰੀ ਗਰਾਂਟਾਂ ਛਕਣੀਆਂ ਹਨ ਅਤੇ ਚੰਦੇ ਇਕੱਠੇ ਕਰਕੇ ਹੜੱਪਣੇ ਹਨ। ਤੇ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕਈਆਂ ਦੀ ਨਿਗਾਹ ਭਾਰਤ ਵਿੱਚ ਬਦੇਸ਼ੀ ਲਿਖਾਰੀਆਂ ਲਈ ਰੱਖੇ ਇਨਾਮਾਂ ਉੱਤੇ ਵੀ ਹੈ। ਕਈਆਂ ਨੇ ਭਾਰਤੋਂ ਆਏ ਖੁਸ਼ਾਮਦ ਦੇ ਭੁੱਖੇ ਲਿਖਾਰੀਆਂ ਤੋਂ ਥਾਪਣਾ ਪ੍ਰਾਪਤ ਕਰਕੇ, ਰਾਤੋ ਰਾਤ ਕੈਨੇਡਾ ਦੇ ਸ਼੍ਰੋਮਣੀ ਪੱਤਰਕਾਰ ਅਤੇ ਸਿਰਕੱਢ ਸਾਹਿਤਕਾਰ ਅਖਵਾਏ ਜਾਣ ਦਾ ਸੁਪਨਾ ਵੀ ਪੂਰਾ ਕਰਨਾ ਹੈ। ਹੋ ਸਕਦਾ ਹੈ ਇਹ ਵਪਾਰੀ-ਨੁਮਾ ਸਾਹਿੱਤਕਾਰ ਖ਼ਾਲਸਤਾਨ ਦੇ ਫ਼ਿਰਕੂਆਂ ਵਾਂਗ ਫ਼ਿਰਕੂ ਲੇਖਕਾਂ ਦਾ ਕੋਈ ਕਨਵੈਨਸ਼ਨ ਕਰਾਉਣ ਨੂੰ ਵੀ ਫਿਰਦੇ ਹੋਣ। ਅਸੀਂ ਪੰਜਾਬੀ ਵਿਸ਼ਵ ਸੰਮੇਲਨ ਦੇ ਭਾਰਤ ਵਿੱਚ ਬੈਠੇ ਸੱਜਣਾਂ ਨੂੰ ਬੇਨਤੀ ਕਰਾਂਗੇ ਕਿ ਉਹ <u>ਸੰਮੇਲਨ</u> ਸੰਬੰਧੀ ਕੈਨੇਡਾ ਦੀਆਂ ਪੰਜਾਬੀ ਲੇਖਕ ਜੱਥੇਬੰਦੀਆਂ ਤੇ ਲੇਖਕਾਂ ਨਾਲ ਮਸ਼ਵਰਾ ਕਰਨ ਤੇ ਉਨ੍ਹਾਂ ਦੀ ਰਾਇ ਲੈਕੇ ਅਜੇਹੇ ਸੰਮੇਲਨ ਦਾ ਪ੍ਰਬੰਧ ਭਾਰਤ ਜਾਂ ਪਾਕਿਸਤਾਨ ਵਿੱਚ ਕਰਨ। ●

# ਮੈਂ ਵੱਡੀ ਕਦੋਂ ਹੋਵਾਂਗੀ?

ਲੇਖਕਾ - ਰਵਿੰਦਰ ਰਤਨ ਗੀਤਕਾਰ - ਸੁਰਜੀਤ ਪਾਤਰ

ਇਹ ਬਾਲ-ਨਾਟਕ ਜਨਵਰੀ-ਫਰਵਰੀ 1981 ਦੇ ਮਾਸਿਕ 'ਅਣੂ' ਵਿੱਚ ਛਪਿਆ ਸੀ। ਇਹ ਨਾਟਕ ਲੁਧਿਆਣੇ ਵਿੱਚ ਚਾਰ ਸਾਲ ਤੋਂ ਦਸ ਸਾਲ ਦੀ ਉਮਰ ਦੇ ਬੱਚਿਆਂ ਦੁਆਰਾ ਕਈ ਵਾਰ ਖੇਡਿਆ ਗਿਆ। ਪੰਜਾਬੀ ਵਿੱਚ ਬੱਚਿਆਂ ਦੀ ਜ਼ਿੰਦਗੀ 'ਤੇ ਇੰਨੇ ਨੇੜੇ ਦੀ ਝਾਤ ਸ਼ਾਇਦ ਹੀ ਪਹਿਲਾਂ ਕਿਸੇ ਨਾਟਕ ਰਾਹੀਂ ਪੁਆਈ ਗਈ ਹੋਵੇ। ਅਸੀਂ ਮਹਿਸੂਸ ਕਰਦੇ ਹਾਂ ਕਿ ਇੱਕ ਅੰਕ ਵਿੱਚ ਦੇਣ ਲਈ ਨਾਟਕ ਥੋੜ੍ਹਾ ਜਿਹਾ ਲੰਮਾ ਹੈ ਪਰ ਉਮੀਦ ਹੈ ਪਾਠਕ ਇਸ ਨੂੰ ਪੜ੍ਹਨ ਬਾਅਦ ਸਾਡੇ ਨਾਲ ਸਹਿਮਤ ਹੋਣਗੇ। ਅਸੀਂ ਲੇਖਕਾ ਰਵਿੰਦਰ ਰਤਨ ਤੇ ਗੀਤਕਾਰ ਸੁਰਜੀਤ ਪਾਤਰ ਹੋਰਾਂ ਨੂੰ ਇਸ ਨਵੀਆਂ ਰਚਨਾਂ ਲਈ ਵਧਾਈ ਦਿੰਦੇ ਹਾਂ ਤੇ ਅਣੂ ਨੂੰ ਵੀ ਸਲਾਮ ਕਰਦੇ ਹਾਂ ਜਿਹਨੇ ਆਪਣਾ ਇੱਕ ਵਿਸ਼ੇਸ਼ ਅੰਕ ਇਸ ਲੇਖੇ ਲਾਇਆ। ਵਤਨੋਂ ਦੂਰ ਰਾਹੀਂ ਇਸ ਨਵੀਆਂ ਰਚਨਾਂ ਨੂੰ ਹੋਰ ਪਾਠਕਾਂ ਤੱਕ ਪਹੁੰਚਾਇਆਂ ਸਾਨੂੰ ਖੁਸ਼ੀ ਹੋ ਰਹੀ ਹੈ।

- ਸੰਪਾਦਕ

ਪਰਦੇ ਦੇ ਬਾਹਰੋਂ ਹੀ, ਲੋਕਾਂ ਵਿਚੋਂ ਉਠ ਕੇ ਆਏ ਦੋ ਬੱਚੇ, ਅਖ਼ਬਾਰਾਂ ਹੱਥ ਵਿਚ ਫੜੀ ਅਖ਼ਬਾਰਾਂ ਵੇਚਦੇ ਹੋਏ।

ਅਖ਼ਬਾਰ ਵਾਲਾ 1—(ਅਖ਼ਬਾਰੇ ਅਖ਼ਬਾਰੇ, ਅਖ਼ਬਾਰੇ......

2. (ਅਖ਼ਬਾਰੇ, ਅਖਬਾਰੇ, ਅਖਬਾਰੇ...ਕਰਦੇ ਹੋਏ ਇਕ ਵਾਰ ਲੰਘ ਜਾਂਦੇ ਹਨ।

1. ਅਖ਼ਬਾਰੇ

2. ਅਖ਼ਬਾਰੇ

1. ਟ੍ਰਿਬਿਊਨ, ਹਿੰਦੀ, ਪੰਜਾਬੀ, ਅੰਗਰੇਜ਼ੀ ਟ੍ਰਿਬੀਊਨ

2. ਪੰਜਾਬ ਕੇਸਰੀ, ਅਕਾਲੀ ਪਤ੍ਰਿਕਾ, ਹਿੰਦ ਸਮਾਚਾਰ ਏ...

ਦੋਨੋਂ—ਅਖ਼ਬਾਰੇ (ਹੱਥ ਮਿਲਾ ਕੇ) ਅਖ਼ਬਾਰੇ।

1. ਅੱਜ ਦੀ ਤਾਜ਼ਾ ਖ਼ਬਰ, 'ਲੁਧਿਆਣੇ ਦੇ ਛੋਟੇ ਛੋਟੇ ਬੱਚੇ ਵੱਡਿਆਂ ਲਈ ਡਰਾਮਾ ਕਰ ਰਹੇ ਹਨ'।

2. ਪੜ੍ਹੋ, ਪਹੁੰਚੋ ਤੇ ਦੇਖੋ, ਟਿਕਟਾਂ ਨਹੀਂ ਜੇ ਮਿਲਣੀਆਂ, ਹੁਣੇ ਹੀ ਬੁਕ ਕਰੋਵਾ ਲਓ।

ਦੋਨੋਂ—ਅਖ਼ਬਾਰੇ, ਅਖ਼ਬਾਰੇ ਲੁਧਿਆਣੇ ਦੇ ਲੋਕੋ (ਬੋਲਦੇ ਹੋਏ ਲੋਕਾਂ ਵਿਚ ਹੀ ਚਲੇ ਜਾਂਦੇ ਹਨ।)

ਮੰਚ ਦੇ ਇਕ ਪਾਸੇ ਕੁਝ ਕੁ ਮੰਗਤੇ ਬੱਚੇ ਖੜ੍ਹੇ ਹਨ ਮੰਗਤਿਆਂ ਦਾ ਸਰਦਾਰ ਆਉਂਦਾ ਹੈ।

ਸਰਦਾਰ—ਤੁਹਾਡਾ ਮਾਲਕ ਕੌਣ ਹੈ?

ਮੰਗਤੇ (ਸਾਰੇ)—ਤੁਸੀਂ ਮਾਲਿਕ!

ਸਰਦਾਰ—ਸਾਰੀ ਕਮਾਈ ਕਿਆ ਕੇ ਕਿਸ ਨੂੰ ਦੇਣੀ ਹੈ?

ਸਾਰੇ—ਤੁਹਾਨੂੰ ਮਾਲਿਕ, ਪਰ ਮਾਲਿਕ......

ਸਰਦਾਰ—ਚੁੱਪ! ਜਿੰਨਾ ਪੁੱਛਦਾਂ, ਓਨਾ ਹੀ ਜੁਆਬ ਦਿਓ ਸਾਰੇ ਜਣੇ ਧਿਆਨ ਨਾਲ ਸੁਣੋ ਮੇਰੀ ਗੱਲ,

ਸਾਰੇ—ਜੀ ਮਾਲਿਕ!

ਸਰਦਾਰ—ਜੇ ਮੈਂ ਕਿਸੇ ਨੂੰ ਵਿਹਲਿਆਂ, ਬੈਠਿਆਂ, ਸੁੱਤਿਆਂ ਜਾਂ ਖੇਡਦਿਆਂ ਵੇਖ ਲਿਆ ਤਾਂ ਜਿਊਂਦਿਆਂ ਦੇ ਟੁਕੜੇ ਕਰਕੇ ਮਿੱਟੀ 'ਚ ਦੱਬ ਦਊਂ,

(ਸਹਿਮ ਕੇ ਡਰ ਜਾਂਦੇ ਹਨ)

ਤੇ ਜੇ ਕਿਸੇ ਨੂੰ ਮੈਂ ਹੇਰਾਫੇਰੀ ਕਰਦਿਆਂ ਜਾਂ ਠੱਗੀ ਮਾਰਦਿਆਂ ਵੇਖ ਲਿਆ ਤਾਂ ਰਾਤੋਂ ਰਾਤ ਸਾੜ੍ਹ ਦਿਆਂ।

ਹਾਂ ਤੇ ਸਾਰਿਆਂ ਨੇ ਘੱਟੋ ਘੱਟ ਪੰਜ-ਪੰਜ ਰੁਪਏ ਇਕੱਠੇ ਕਰ ਕੇ ਜ਼ਰੂਰ ਲਿਆਉਣੇ ਨੇ।

1. ਪਹਿਲਾਂ ਸਾਨੂੰ ਰੋਟੀ ਤਾਂ ਦੇ ਦਿਓ।

ਸਰਦਾਰ—(ਕੰਨੋਂ ਫੜ੍ਹ ਕੇ) ਐਧਰ ਆ ਸਾਲੇ, ਤੇਰੀ ਜ਼ਬਾਨ ਬਹੁਤੀ ਖੁੱਲ੍ਹ ਗਈ ਏ! ਤੇਰੀ ਜ਼ਬਾਨ ਅਜ ਬਾਹਰ ਨਹੀਂ ਨਿਕਲਣੀ ਚਾਹੀਦੀ, ਇਹ ਲੈ ਫੜ ਕਾਗਜ਼ ਤੇ ਦਫ਼ਤਰਾਂ ਵਿਚ ਚਲਾ ਜਾਈਂ ਗੂੰਗਾ ਬਣ ਕੇ ਉਹਨਾਂ ਦੇ ਮਗਰ ਹੀ ਪੈ ਜਾਈਂ ਸਮਝਿਆਂ?

(ਧੱਕਾ ਮਾਰ ਕੇ ਪਰ੍ਹਾਂ ਨੂੰ ਕਰਦਾ ਹੈ)

ਤੇ ਤੂੰ ਆਈਂ ਇਧਰ ਪੀਕੂ! ਤੂੰ ਚਲਾ ਜਾ ਉਂਚੇ ਪੁਲ ਤੇ ਤੇਰੀ ਜ਼ਬਾਨ ਅੱਜ ਅੰਦਰ ਨਹੀਂ ਵੜਨੀ ਚਾਹੀਦੀ ਹਰੇਕ ਆਉਂਦੇ ਜਾਂਦੇ ਦੇ ਪਿੱਛੇ ਪੈ ਜਾਈਂ, ਸਮਝਿਆ

(ਉਸ ਨੂੰ ਵੀ ਧੱਕ ਦਿੰਦਾ ਹੈ)

ਇਧਰ ਆਈਂ ਤੂੰ ਸਾਊ!

ਸਾਊ—ਹਾਂ ਜੀ!

ਸਰਦਾਰ—ਹਾਂ ਜੀ ਦਿਆ ਪੁੱਤਰਾ! ਤੂੰ ਚਲਾ ਜਾ ਵੱਡੇ ਮੰਦਿਰ ਦਾਅ ਜਿਹਾ ਲਾ ਕੇ ਦਸੀਂ ਪੰਜੀ ਮੁੱਠ ਕੇ ਚਵੰਨੀ ਅਠੰਨੀ ਖਿਸਕਾ ਲਿਆ ਕਰੀਂ, ਸਮਝਿਆ?

ਸਾਊ—ਹਾਂ ਜੀ

ਸਰਦਾਰ—ਤੇ ਤੂੰ ਬੀਬੋ ਇਹਨਾਂ ਜੁਆਕਾਂ ਨੂੰ ਲੈ ਕੇ ਮੰਦਿਰ ਦੇ ਬਾਹਰ ਬੈਠ ਜਾਇਓ, ਬੜੇ ਰੱਬ ਦੇ ਬੰਦੇ ਆਉਂਦੇ ਨੇ, ਬੱਸ ਘੇਰ ਲਇਓ ਉਹਨਾਂ ਨੂੰ, ਸਮਝਦੇ ਹੋ!

ਬੀਬੋ—ਜੀ, ਜੀ (ਕਾਲੂ ਦੀ ਬਾਂਹ ਫੜ੍ਹ ਲੈਂਦਾ ਹੈ)

(ਸਾਰੇ ਇਕ ਪਾਸੇ ਹੋ ਕੇ ਖੜੋ ਜਾਂਦੇ ਹਨ, ਉਹਨਾਂ ਵਲ ਮੁੜਦਾ ਹੋਇਆ)

**ਸਰਦਾਰ**—ਕੀ ਬਿਟਰ ਬਿਟਰ ਝਾਕ ਰਹੇ ਹੋ, ਇਥੇ ਖੜ੍ਹੇ...

**ਸਾਰੇ**—ਪਹਿਲਾਂ ਇਕ ਇਕ ਰੋਟੀ ਤਾਂ ਦੇ ਦਿਓ ।

**ਸਰਦਾਰ**—ਦੇਨਾਂ ਤੁਹਾਨੂੰ ਰੋਟੀ, ਲਾਟ ਸਾਅਬਾਂ ਨੂੰ ਜਾਂਦੇ ਹੋ ਕਿ ਨਹੀਂ (ਧੱਕੇ ਮਾਰਦਾ ਹੈ)

ਹਾਂ ਤੇ ਕਾਲੂ, ਲਵਾਂ ਮੈਂ ਤੇਰਾ ਵੀ ਮਤ੍ਹਾਨ । ਇਹ ਲੈ ਫੜ ਕੁੰਜੀ ਤੇ ਕੈਂਚੀ । ਜ਼ਰਾ ਕੈਂਚੀ ਨਾਲ ਵਿਚੋਂ ਕਾਗਜ਼ ਕੱਢ ਕੇ ਦਿਖਾ ਹੁਸ਼ਿਆਰ ਰਹੀਂ ਕੈਂਚੀ ਨੂੰ ਕਾਲਖ ਨਹੀਂ ਲਗਣੀ ਚਾਹੀਦੀ ।

ਕਾਲੂ—(ਬੜੀ ਹੁਸ਼ਿਆਰੀ ਨਾਲ) ਲਓ ਸਾਹਬ !

**ਸਰਦਾਰ**—ਸ਼ਾਬਾਸ਼ ! ਤੇਰਾ ਹੱਥ ਹੁਣ ਕਾਫੀ ਸਾਫ ਹੋ ਗਿਆ ਹੈ, ਮੋਟੀ ਜਿਹੀ ਸਾਮੀ ਦੇਖ ਕੇ ਜੇਬ ਕੱਟੀਂ ਸਮਝਿਆ ?

ਤੇ ਕਿੱਥੇ ਹੈ ਰਾਣੋ, ਰਾਣੋ,

ਬਾਹਰੋਂ – ਆਈ ਸਰਕਾਰ ।

(ਕਾਲੀ ਮਾਤਾ ਦੀ ਪੁਸ਼ਾਕ ਵਿਚ)

ਰਾਣੋ—ਜੀ ਸਰਕਾਰ ।

**ਸਰਦਾਰ**—ਹਾਂ ਠੀਕ ਤਿਆਰ ਹੋ ਗਈ ਹੈਂ, ਤੂੰ ਇਸ ਦੇ ਨੇੜੇ ਤੇੜੇ ਰਹੀਂ, ਇਹ ਜੇਬ ਕੱਟ ਕੇ ਮਾਲ ਤੈਨੂੰ ਫੜਾਈ ਜਾਊ—ਜਾਓ, ਹੁਸ਼ਿਆਰ ਰਹੀਓ ।

**ਦੋਨੋਂ**—ਅੱਛਾ ਸਰਕਾਰ ।

(ਚਲੇ ਜਾਂਦੇ ਹਨ)

(ਰੌਸ਼ਨੀ ਮੰਚ ਦੇ ਦੂਜੇ ਪਾਸੇ ਖੜ੍ਹੇ ਕਈ ਮਜ਼ਦੂਰ ਬੱਚਿਆਂ ਤੇ ਪੈਂਦੀ ਹੈ)

(ਲਾਲਾ ਜੀ ਆਉਂਦੇ ਹਨ)

**ਲਾਲਾ ਜੀ**—ਕਿਉਂ ਬਈ ਦਿਹਾੜੀ ਕਰੋਗੇ ?

**ਸਾਰੇ**—ਹਾਂ ਜੀ, ਹਾਂ ਜੀ ।

1. (ਅੱਗੇ ਵੱਧ ਕੇ) ਦੱਸੋ ਸਰਕਾਰ ਕਿੱਥੇ ਜਾਣਾ ਹੈ ?

**ਲਾਲਾ**—ਕਿਉਂ ਮੇਰੇ ਸਿਰ ਤੇ ਚੜ੍ਹੀ ਜਾਨੈਂ, ਪਿੱਛੇ ਹੋ ਕੇ ਗੱਲ ਨਹੀਂ ਹੁੰਦੀ ।

**ਬਾਕੀ**—ਅਸੀਂ ਤਿਆਰ ਹਾਂ ਸਾਹਬ, ਦੱਸੋ ਕੀ ਕੰਮ ਹੈ ?

**ਲਾਲਾ**—ਢੋਆ-ਢੁਆਈ ਦਾ ਕੰਮ ਹੈ ।

**ਸਾਰੇ**—ਤੁਸੀਂ ਫਿਕਰ ਨਾ ਕਰੋ ਜੀ ।

**ਲਾਲਾ**—ਫੇਰ ਕੀ ਹਿਸਾਬ-ਕਿਤਾਬ ਹੈ ?

**1+2+3**—ਜੋ ਮਰਜ਼ੀ ਹੈ ਦੇ ਦੇਣਾ ।

**ਲਾਲਾ**—ਨਹੀਂ ਪਹਿਲੇ ਗਲ ਕਰ ਲੈਣੀ ਚੰਗੀ ਹੁੰਦੀ ਹੈ ।

**ਮਜ਼ਦੂਰ**—ਸਾਹਬ ਸੱਤ ਸੱਤ ਰੁਪਏ ਦੇ ਦੇਣਾ ।

**ਲਾਲਾ**—ਕੀ, ਸੱਤ ਸੱਤ ਰੁਪਏ । ਪੰਜ ਪੰਜ ਵਾਲਿਆਂ ਨੂੰ ਤਾਂ ਮੈਂ ਪਿੱਛੇ ਛੱਡ ਕੇ ਆਇਆ ਹਾਂ, ਤੁਹਾਡੇ ਵਰਗੀਆਂ ਲਾਸ਼ਾਂ ਨੂੰ ਤਾਂ ਮੈਂ...

**ਮਜ਼ਦੂਰ**—ਚਲੋ ਸਾਹਬ ਛੀ ਛੀ ਰੁਪਏ ।

**ਲਾਲਾ**—ਮੈਂ ਤਾਂ ਇਕੋ ਗਲ ਕਹਿ ਤੀ, ਚਲਣਾ ਹੈ ਚਲੋ ਨਹੀਂ ਤੇ...

**ਸਾਰੇ**—ਮਨਜ਼ੂਰ ਹੈ ਸਾਹਬ ਮਨਜ਼ੂਰ ਹੈ ।

**ਲਾਲਾ**—ਠਹਿਰੋ ! ਪਹਿਲਾਂ ਮੈਨੂੰ ਤੁਹਾਡਾ ਮੁਆਇਨਾ ਕਰ ਲੈਣ ਦਿਓ ।

ਬੈਠੋ, ਉਠੋ, ਬੈਠੋ ਉਠੋ ।

(ਇਕ ਇਕ ਨੂੰ ਬੁਲਾ ਕੇ ਉਹਨਾਂ ਦੀਆਂ ਅੱਖਾਂ ਜ਼ਬਾਨ, ਨਹੁੰ ਦੇਖਦਾ ਹੈ । ਦੋ ਤਿੰਨ ਨੂੰ ਇਕ ਪਾਸੇ ਕਰ ਦਿੰਦਾ ਹੈ ਤੇ ਦੋ ਕੁ ਨੂੰ ਦੂਜੇ ਪਾਸੇ ।

**ਲਾਲਾ**—(ਦੋ ਨੂੰ) ਤੁਸੀਂ ਕੱਝ ਖਾਂਦੇ ਪੀਂਦੇ ਨਹੀਂ, ਤੁਹਾਡੇ ਵਿਚ ਖੂਨ ਤਾਂ ਹੈ ਨਹੀਂ ਤੁਸੀਂ ਦੋਨਾਂ ਨੇ ਜੇ ਅੱਧੀ ਦਿਹਾੜੀ ਦੇ ਹਿਸਾਬ ਨਾਲ ਕੰਮ ਕਰਨਾ ਹੈ ਤਾਂ ਚਲੋ ਮੇਰੇ ਨਾਲ ਨਹੀਂ ਤੇ ਬੈਠੇ ਮੱਖੀਆਂ ਦੀ ਫ਼ਾਵੋ ! (ਪਹਿਲੇ ਤਿੰਨਾਂ ਨੂੰ ਇਸ਼ਾਰੇ ਨਾਲ ਆਪਣੇ ਨਾਲ ਲੈ ਜਾਂਦਾ ਹੈ) (ਮਗਰੋ-ਮਗਰ ਹੀ ਉਹ ਦੋਨੋਂ ਵੀ ਆ ਜਾਂਦੇ ਹਨ ) ਠੀਕ ਹੈ ।

**ਦੋਨੋਂ**—ਠੀਕ ਹੈ, ਸਾਹਬ ਮੰਜ਼ੂਰ ਹੈ ।

(ਸਭ ਚਲੇ ਜਾਂਦੇ ਹਨ)

(ਹਨੇਰਾ)

(ਸਮੂਹ ਗਾਇਨ ਮੰਡਲੀ ਦਾ ਪ੍ਰਵੇਸ਼)

ਹਾਲੇ ਇਨ੍ਹਾਂ ਦੀ ਉਮਰ ਹੈ ਅੱਖਰ ਉਠਾਉਣ ਦੀ
ਨਾ ਕਿ ਸਿਰਾਂ ਤੇ ਇੱਟਾਂ ਤੇ ਪੱਥਰ ਉਠਾਉਣ ਦੀ
ਖੁੱਲ੍ਹੇ ਇਨ੍ਹਾਂ ਦੇ ਵਾਸਤੇ ਕੈਸੇ ਸਕੂਲ ਨੇ
ਮੰਗਣ ਤੇ ਚੋਰੀ ਕਰਨ ਦੇ ਦੱਸਦੇ ਅਸੂਲ ਨੇ
ਸਿੱਖਦੇ ਨੇ ਜਾਚ ਚਾਕੂ ਤੇ ਕੈਂਚੀ ਚਲਾਉਣ ਦੀ
ਹਾਲੇ ਇਨ੍ਹਾਂ ਦੀ ਉਮਰ ਹੈ ਅੱਖਰ ਉਠਾਉਣ ਦੀ

ਭੋਲੀ ਇਨ੍ਹਾਂ ਦੀ ਉਮਰ ਇਹ ਕੁਝ ਹੋਰ ਬਣ ਗਏ
ਇਹ ਰੱਬ ਦੇ ਰੂਪ ਮੰਗਤੇ ਤੇ ਚੋਰ ਬਣ ਗਏ
ਬਚਪਨ 'ਚ ਲੋੜ ਪੈ ਗਈ ਬਚਪਨ ਗੁਆਉਣ ਦੀ
ਹਾਲੇ ਇਨ੍ਹਾਂ ਦੀ ਉਮਰ ਹੈ ਅੱਖਰ ਉਠਾਉਣ ਦੀ

ਰੋਟੀ ਦੇ ਪਿੱਛੇ ਦੌੜਦੇ ਤਪਦੇ ਜਹਾਨ ਵਿਚ
ਕੈਸੀ ਇਨ੍ਹਾਂ ਦੀ ਗੇਂਦ ਹੈ ਕੈਸੇ ਮੈਦਾਨ ਵਿਚ
ਕਿਸ ਨੇ ਚਲਾਈ ਰੀਤ ਇਹ ਖੇਡਾਂ ਖਿਡਾਉਣ ਦੀ
ਹਾਲੇ ਇਨ੍ਹਾਂ ਦੀ ਉਮਰ ਹੈ ਅੱਖਰ ਉਠਾਉਣ ਦੀ

(ਮਾਰਕੀਟ ਦ੍ਰਿਸ਼)

ਮੰਚ ਦੇ ਇਕ ਪਾਸੇ ਦਾਤਣਾਂ ਵੇਚਣ ਵਾਲੀ, ਫੁੱਲ ਵੇਚਣ ਵਾਲੀ, ਪ੍ਰਸਾਦ ਵੇਚਣ ਵਾਲੀ, ਮਿੱਟੀ ਦੇ ਖਿਡੌਣੇ ਵੇਚਣ ਵਾਲੀ, ਗੁਬਾਰੇ ਵੇਚਣ ਵਾਲਾ, ਰੱਬੜਾਂ ਸੂਈਆਂ (ਛੱਤਰੀ ਤੇ ਲਗਾਕੇ) ਵੇਚਣ ਵਾਲਾ ਆਦਿ ਬੈਠੇ ਹਨ । ਮੰਦਿਰ ਦੇ ਰਸਤੇ ਵਿਚ ਮੰਗਤੇ ਬੱਚੇ ਵੀ ਬੈਠੇ ਹਨ ।

(ਰੋਸ਼ਨੀ ਪੈਣ ਤੇ ਮਾਰਕੀਟ ਦੀਆਂ ਆਵਾਜ਼ਾਂ)

**ਦਾਤਣਾਂ ਵਾਲੀ**—ਦਾਤਨ ਲੈ ਲਤੇ ਦਾਤਨ, ਤਾਜ਼ੀਆਂ ਕਿੱਕਰ ਦੀਆਂ ਦਾਤਨਾਂ, ਤਾਜ਼ੀਆਂ ਕਿਕੱਰ ਦੀਆਂ ਦਾਤਨਾਂ ਦਾਤਨ ਲੈ ਲਤੇ ਦਾਤਨ....

**ਫੁੱਲਾਂ ਵਾਲੀ**—ਤਾਜ਼ੇ ਗੁਲਾਬ ਗੇਂਦੇ ਦੇ ਫੁਲ ਲੈ ਲਉ, ਵਧੀਆ ਹਾਰ ਲੈ ਲਤੇ, ਚਾਰ ਚਾਰ ਆਨੇ ਵਧੀਆ ਹਾਰ ਲੈ ਲਤੇ ।

**ਪ੍ਰਸ਼ਾਦ ਵਾਲੀ**—ਫੁਲੀਆਂ ਪਤਾਸ਼ਿਆਂ ਦਾ ਪ੍ਰਸ਼ਾਦ ਲੈ ਲਉ, ਮਾਤਾ ਜੀ ਪ੍ਰਸਾਦ ਲੈ ਲਤੇ,...

**ਮਿੱਟੀ ਦੇ ਖਿਡਾਉਣੇ**—ਮਿੱਟੀ ਦੇ ਖਿਡੌਣੇ, ਚਾਰ ਚਾਰ ਆਨੇ ਜਿਹੜਾ ਮਰਜੀ ਖਿਡੌਣਾ ਲੈ ਲਊ ਚਾਰ ਚਾਰ ਆਨੇ...

**ਗੁਬਾਰੇ ਵਾਲਾ**—ਗੁਬਾਰੇ ਲਊ, ਗੁਬਾਰੇ (ਧੂਤੂ...)

**ਰਬੜਾਂ ਵਾਲੀ**—ਰਬੜਾਂ ਸੂਈਆਂ ਬਕਸੂਏ ਲੈ ਲਊ ਰਬੜਾਂ ਲਊ ਸੂਈਆਂ ਲਊ, ਬਕਸੂਏ ਲਊ, ਰੱਬੜਾਂ ਸੂਈਆਂ ਬਕਸੂਏ ਲਊ...

**ਗੁਬਾਰੇ ਵਾਲਾ**—ਧੂਤੂ...ਧੂਤੂ...

(ਪੰਡਿਤ ਜੀ ਦਾ ਪ੍ਰਵੇਸ਼, ਭਗਤ ਜੀ ਵੀ ਮੰਦਿਰ ਨੂੰ ਜਾਂਦੇ ਹਨ। ਕੁਝ ਭਗਤਣੀਆਂ ਲੰਘਦੀਆਂ ਹਨ, ਮੰਗਤੇ ਬੱਚੇ ਸਭ ਕੋਲੋਂ ਮੰਗਦੇ ਹਨ। ਤਿੰਨ ਭਗਤਣੀਆਂ ਆਉਂਦੀਆਂ ਹਨ, ਇਕ ਭਗਤਣੀ ਪਿੱਛੇ ਰਹਿ ਜਾਂਦੀ ਹੈ, ਉਸਦੀ ਚੱਪਲ ਟੁੱਟ ਜਾਂਦੀ ਹੈ) ਹਰੇ ਰਾਮ ਹਰੇ ਰਾਮ ..

**ਤਿੰਨ ਭਗਤਣੀਆਂ**—ਨੀ ਭੈਣੇ ਠਹਿਰ ਵੀ ਜਾ, ਇਹਨੇ ਵੀ ਹੁਣੇ ਹੀ ਟੁੱਟਣਾ ਸੀ, (ਪਾਣੀ, ਪਾਣੀ ਕਰਦੀ ਇਧਰ ਉਧਰ ਜਾਂਦੀ ਹੈ, ਪ੍ਰਸ਼ਾਦ ਵਾਲੀ ਕੋਲ ਜਾਂਦੀ ਹੈ, ਮੰਗਤੇ ਬੱਚੇ ਪਿਛੇ ਪਿਛੇ ਜਾਂਦੇ ਹਨ)

**ਮੰਗਤੇ**—ਮਾਂ, ਦੇ ਪੈਸੇ, ਸਿਰਫ ਦੋ ਪੈਸੇ ਦੇ ਦੇ ਨਾ ਮਾਂ ਦੋ ਦਿਨ ਦੇ ਭੁਖੇ ਹਾਂ ਮਾਂ ਦੇ ਦੇ ਨਾ ਮਾਂ (ਧੋਤੀ ਫੜ ਲੈਂਦੇ ਹਨ। ਭਗਤਣੀ ਭੁੜਕ ਜਾਂਦੀ ਹੈ)

**ਭਗਤਣੀ**—ਛੀ, ਛੀ, ਛੀ ਤੂੰ ਮੈਨੂੰ ਹੱਥ ਕਿਉਂ ਲਾਇਆ।

**ਸਾਰੀਆਂ (ਤਿੰਨੇ)**—ਰਾਮ! ਰਾਮ!! ਰਾਮ!!!

**1.** ਇਹਨਾਂ ਨੂੰ ਤਾਂ ਮੌਤ ਵੀ ਨਹੀਂ ਆਉਂਦੀ।

**ਦੋਨੋਂ**—ਹੇ ਪ੍ਰਮਾਤਮਾ ਬਖਸ਼ੀਂ...

**1.** ਮੈਂ ਹੁਣੇ ਘਰੋਂ ਨਹਾ ਕੇ ਆਈ ਸੀ, ਪਵਿੱਤਰ ਹੋ ਕੇ, ਹੁਣ ਮੁੜ ਘਰ ਜਾਣਾ ਪਊ ਤੇ ਸੱਤ ਵਾਰ ਸਾਬਣ ਮਲ ਕੇ ਨਹਾਉਣਾ ਪਊ।

**ਦੋਨੋਂ**—ਨੀ ਭੈਣੇ ਅਸੀਂ ਤਾਂ ਬੱਚ ਗਈਆਂ, ਅਸੀਂ ਤਾਂ ਜਾਨੀਆਂ।

**1.** ਨੀ ਮੇਰੀਓ ਕਿਸਮਤ ਮਾੜੀ ਹੈ, ਹੇ ਪ੍ਰਮਾਤਮਾ, ਇਹਨਾਂ ਚੀਜ਼ਾਂ ਨੂੰ ਨਸ਼ਟ ਕਰੀਂ ਜਿਹੜੇ ਤੇਰੇ ਰਾਹ ਵਿਚ ਰੋੜਾ ਬਣਦੇ ਨੇ ਮੋਏ ਮਰ ਜਾਣੇ ਖਸਮਾਂ ਨੂੰ ਖਾਣੇ ਮੋਏ ਮਰ ਜਾਣੇ ਖਸਮਾਂ ਨੂੰ ਖਾਣੇ। (ਜਾਂਦੀ ਹੈ, ਵਾਪਸ ਆਉਂਦੀ ਹੈ)

**1.** ਹਾਏ ਨੀ ਮੇਰੀ ਚੱਪਲ (ਚੱਪਲ ਚੁੱਕ ਕੇ ਮੰਗਤਿਆਂ ਨੂੰ ਉਸੇ ਨਾਲ ਦੁਤਕਾਰਦੀ ਹੋਈ ਚਲੀ ਜਾਂਦੀ ਹੈ)

(ਸਮੂਹ-ਗਾਨ-ਮੰਡਲੀ ਦਾ ਪ੍ਰਵੇਸ਼)

ਦੇਖੋ ਭਗਤਣੀ ਘਰ ਨੂੰ ਗਈ,
ਹੱਥ ਲਾਉਣ ਨਾਲ ਭਿੱਟੀ ਗਈ।
ਇਹ ਆਪਣੇ ਘਰ ਜਾਵੇਗੀ
ਸਾਬੁਣ ਮਲ ਮਲ ਨ੍ਹਾਵੇਗੀ
ਸਾਰੇ ਕਪੜੇ ਧੋਵੇਗੀ
ਇੰਜ ਪਵਿੱਤਰ ਹੋਵੇਗੀ
ਪਰ ਜੇ ਮਨ ਹੀ ਸਾਫ ਨਹੀਂ
ਮਨ ਦੇ ਵਿਚ ਇਨਸਾਫ ਨਹੀਂ
ਦੁਖੀਆਂ ਦੇ ਲਈ ਦਰਦ ਨਹੀਂ
ਬੱਚਿਆਂ ਦੇ ਲਈ ਪਿਆਰ ਨਹੀਂ
ਮਨ ਵਿਚ ਜਿਹੜੀ ਕਾਲਖ ਹੈ
ਉਸਨੂੰ ਕੀਕਰ ਧੋਵੇਗੀ
ਕਿੰਜ ਪਵਿਤਰ ਹੋਵੇਗੀ ?
ਉਂਜ ਤਾਂ ਭਗਤਣੀ ਕਹਿੰਦੀ ਆ,
ਅਕਸਰ ਕਹਿੰਦੀ ਰਹਿੰਦੀ ਆ,
ਕਣ ਕਣ ਵਿਚ ਭਗਵਾਨ ਵਸੇ,
ਸਾਰੇ ਵਿੱਚ ਜਹਾਨ ਵਸੇ
ਉਸਨੂੰ ਫੜ ਕੇ ਪੁੱਛੋ ਜੀ
ਕੀ ਬੱਚਿਆਂ ਵਿਚ ਭਗਵਾਨ ਨਹੀਂ ?

ਮਾਰਕੀਟ ਦੀਆਂ ਆਵਾਜ਼ਾਂ ਮੰਦਰ ਤੋਂ ਭਗਤ ਭਗਤਣੀਆਂ ਦੀ ਵਾਪਸੀ ਸਮਾਨ, ਖਰੀਦਦੀਆਂ ਹੋਈਆਂ ਮੁੜਦੀਆਂ ਹਨ।

(ਏਜੰਟ ਦਾ ਪ੍ਰਵੇਸ਼)

**ਏਜੰਟ**—ਓਏ! ਤੁਸੀਂ ਫੇਰ ਆ ਗਏ, ਜਾਂਦੇ ਹੋ ਕਿ ਨਹੀਂ, ਖਬਰਦਾਰ ਕਿਸੇ ਨੇ ਇਥੇ ਪੈਰ ਤਕ ਵੀ ਰੱਖਿਆ।

**ਫਾਬੇ ਵਾਲੇ ਸਾਰੇ**—ਸਾਹਬ ਅੱਧੇ ਘੰਟੇ ਲਈ ਸਿਰਫ ਅੱਧੇ ਘੰਟੇ ਲਈ ਬੈਠ ਜਾਣ ਦਿਓ।

**ਏਜੰਟ**—(ਕੱਟ ਕੇ) ਅੱਧੇ ਘੰਟੇ ਦੇ ਬੱਚੇ, ਜਾਂਦੇ ਹੋ ਕਿ ਨਹੀਂ ? ਆ ਜਾਂਦੇ ਨੇ ਮੂੰਹ ਚੁੱਕ ਕੇ, ਚੱਕੋ ਆਪਣਾ ਸਮਾਨ ਤੇ ਦਫਾ ਹੋ ਜਾਓ...(ਇਕ ਦੋ ਨੂੰ ਠੁੱਡੇ ਮਾਰਦਾ ਹੈ ਧੱਕੇ ਮਾਰਦਾ ਹੈ, ਸਭ ਚਲੇ ਜਾਂਦੇ ਹਨ ਤੇ ਆਕੜ ਕੇ ਮੰਚ ਤੇ ਤੁਰਦਾ ਹੈ, ਪਰੇ ਖੜ੍ਹੇ ਗੰਨਮੈਨ ਨਾਲ ਗਲਬਾਤ ਕਰਦਾ ਹੈ।

(ਬੀਰੂ—ਮੁੰਨੀ ਆਪਣਾ ਸਮਾਨ, ਪੀਪਾ ਮਰਤਬਾਨ ਚੁੱਕੀ ਆਉਂਦੇ ਹਨ)

**ਬੀਰੂ**—ਮੱਥਾ ਟੇਕਦਾ ਹਾਂ ਸਾਹਬ।

**ਏਜੰਟ**—(ਆਕੜ ਕੇ) ਹੂੰ।

**ਬੀਰੂ**—(ਜੇਬ ਵਿਚੋਂ ਪੈਸੇ ਕੱਢ ਕੇ ਫੜਾਉਂਦਾ ਹੋਇਆ) ਸਾਹਬ ਕਲ੍ਹ ਦੀ ਵਟਕ।

**ਏਜੰਟ**—(ਨਰਮ ਹੋ ਕੇ) ਠੀਕ ਹੈ।

**ਮੁੰਨੀ**—ਨਮਸਤੇ ਸਾਹਬ ਜੀ।

**ਏਜੰਟ**—ਨਮਸਤੇ।

**ਮੁੰਨੀ**—ਅੱਜ ਤਾਂ ਸਵੇਰੇ ਸਵੇਰੇ ਸਾਹਬ ਮਿਲ ਗਏ ਦਿਨ ਚੰਗਾ ਲੰਘੇਗਾ, ਹੈ ਨਾ ਭਾਅ ?

**ਬੀਰੂ**—(ਉੱਪਰੇ ਮਨ ਨਾਲ) ਅੱਜ ਸਾਨੂੰ ਖੂਬ ਵੱਟਕ ਹੋਵੇਗੀ ਸਾਹਬ ਮੇਰੇ ਲਾਇਕ ਕੋਈ ਸੇਵਾ ?

**ਏਜੰਟ**—ਨਹੀਂ ਸਭ ਠੀਕ ਹੈ, ਤੁਸੀਂ ਆਪਣਾ ਕੰਮ ਕਰੋ।

(ਮੁੰਨੀ—ਬੀਰੂ ਤਸੱਲੀ ਨਾਲ ਸਮਾਨ ਲਗਾਉਣਾ ਸ਼ੁਰੂ ਕਰ ਦਿੰਦੇ ਹਨ) ਏਜੰਟ ਗੰਨਮੈਨ ਨਾਲ ਗਲ ਕਰਕੇ ਦੁਕਾਨ ਵਲ ਨੂੰ ਆਉਂਦਾ ਹੈ। ਬੀਰੂ ਕੰਮ ਛੱਡ ਕੇ ਝੁੱਕ ਕੇ।

**ਬੀਰੂ**—ਸਲਾਮ ਸਾਹਬ।

**ਏਜੰਟ**—ਸਲਾਮ! ਤੁਹਾਨੂੰ ਕੋਈ ਤਕਲੀਫ ਤਾਂ ਨਹੀਂ ?

**ਬੀਰੂ**—ਨਹੀਂ ਸਾਹਬ, ਮਿਹਰ ਹੈ।

**ਬੀਰੂ**—ਮੁੰਨੀ! ਜਿੰਨੀ ਵਾਰ ਇਹ ਸਾਹਬ ਲੰਘਿਆ

ਕਰੇ ਨਾ, ਓਨੀ ਵਾਰੀ ਹੀ ਉਠ ਕੇ ਸਲਾਮ ਕਰ ਦਿਆ ਕਰ।

ਮੁੰਨੀ—ਕਿਉਂ ਭਾਅ।

ਬੀਰ—ਬੱਸ ਖੁਸ਼ ਰਹਿੰਦੇ, ਵੇਖ ਲੈ ਸਾਰਿਆਂ ਨੂੰ ਸਵੇਰੇ ਸਵੇਰੇ ਭਜਾ ਦਿਤਾ, ਸਾਨੂੰ ਤਾਂ ਕੁੱਝ ਵੀ ਨਹੀਂ ਕਿਹਾ।

ਮੁੰਨੀ—(... ਵਲ ਵੇਖਦੀ ਹੋਈ) ਭਾਅ, ਅੱਜ ਸੰਤਰੀ ਕੁਝ ਆਕੜਿਆ ਜਿਹਾ ਲਗਦੈ। ਇਹ ਤਾਂ ਨਹੀਂ ਸਾਨੂੰ ਕਿਧਰੇ ਕੁਝ ਕਹੂ?

ਬੀਰੂ—ਹੂੰ, ਕਰਦਾ ਉਹਦਾ ਵੀ ਇੰਤਜ਼ਾਮ (ਪੀਪੇ ਵਿਚੋਂ ਬੀੜੀ ਕੱਢ ਕੇ, ਮਾਚਿਸ ਲੈ ਕੇ) ਸਰਕਾਰ ਜੀ ਜੈ ਸਰਕਾਰ ਦੀ ਜੈ, ਲਉ ਸਰਕਾਰ ਬੀੜੀ ਪੀਓ (ਸੰਤਰੀ ਬੀੜੀ ਲੈ ਕੇ, ਸੂਟਾ ਲਗਾ ਕੇ)

ਸੰਤਰੀ—ਠੀਕ ਹੈ, ਠੀਕ ਹੈ। ਤੁਹਾਨੂੰ ਕੋਈ ਤੰਗ ਤਾਂ ਨਹੀਂ ਕਰਦਾ ਮੇਰੇ ਬੱਚਿਓ।

ਬੀਰੂ—ਨਹੀਂ ਮਾਈ ਬਾਪ, ਤੁਹਾਡੀ ਦਯਾ ਹੈ।

ਸੰਤਰੀ—ਜੇ ਕੋਈ ਕੁਝ ਕਹੇ ਤਾਂ ਮੈਨੂੰ ਦਸਿਓ, ਜਾਓ ਆਪਣਾ ਕੰਮ ਕਰੋ।

(ਮੁੰਨੀ ਦੁਕਾਨ ਤੇ ਮੜ੍ਹੀ ਵੇਖ ਕੇ ਸੁਖ ਦਾ ਸਾਹ ਲੈਂਦੀ ਹੈ)

(ਬਾਹਰੋਂ ਆਵਾਜ਼ ਆਉਂਦੀ ਹੈ।

ਖਸਤਾ ਕਰਾਰੇ ਬਿਸਕੁਟ, ਬਿਸਕੁਟ ਲਉ, ਪੇਸਟਰੀ ਲਉ, ਖਸਤਾ ਕਰਾਰੇ ਬਿਸਕੁਟ।

ਬੀਰੂ—ਸੁਣਿਆ ਈ, ਪਿਛਲੀ ਗਲੀ ਵਿਚ ਬਿਸਕੁਟਾਂ ਵਾਲਾ ਵਾਜਾਂ ਦੇ ਰਿਹਾ ਹੈ।

ਮੁੰਨੀ—(ਕੰਨ ਲਾ ਕੇ ਸੁਣਦੀ ਹੈ)

ਆਵਾਜ਼—ਖਸਤਾ ਕਰਾਰੇ ਬਿਸਕੁਟ, ਬਿਸਕੁਟ ਲਉ, ਪੇਸਟਰੀ ਲਉ, ਖਸਤਾ ਕਰਾਰੇ ਬਿਸਕੁਟ।

ਬੀਰੂ—ਇਹ ਫੇਰੀ ਵਾਲਾ ਹਰ ਰੋਜ਼ ਸਵੇਰੇ ਸਵੇਰੇ ਆ ਕੇ ਸਾਡੇ ਦੋ ਚਾਰ ਰੁਪਏ ਮਾਰ ਲੈਂਦਾ ਹੈ।

ਮੁੰਨੀ—ਹਾਂ, ਤਦੇ ਹੀ ਕੋਈ ਗਲੀ ਵਾਲਾ ਗਾਹਕ ਹੁਣ ਸਾਡੇ ਕੋਲ ਨਹੀਂ ਆਉਂਦਾ।

ਬੀਰੂ—ਉਹ ਕਿਉਂ ਆਉਣ, ਉਹ ਕੋਈ ਸ਼ੁਦਾਈ ਨੇ।

ਮੁੰਨੀ—ਕਿਉਂ ਭਾਅ?

ਬੀਰੂ—ਮੁੰਨੀ! ਤੂੰ ਵੀ ਸ਼ੁਦੈਣ ਹੈਂ, ਜਿਨ੍ਹਾਂ ਨੂੰ ਘਰ ਬੈਠੇ ਬਠਾਇਆਂ ਬਿਸਕੁਟ ਮਿਲ ਜਾਣ, ਉਹ ਭਲਾ ਐਨੀ ਸਵੇਰੇ ਸਵੇਰੇ ਸਰਦੀ 'ਚ ਸਾਡੇ ਕੋਲ ਕਿਉਂ ਆਉਣਗੇ?

ਮੁੰਨੀ—ਹਾਂ, ਚਲੋ ਕਲ੍ਹ ਤੋਂ ਆਪਾਂ ਵੀ ਦੋਨੋਂ ਜਣੇ ਗਲੀ ਵਿਚ ਫੇਰੀ ਲਾਇਆ ਕਰੀਏ।

ਬੀਰੂ—ਹਾਂ, ਮਾਂ ਨੂੰ ਕਹਾਂਗਾ ਕਿ ਉਹ ਸਾਨੂੰ ਸਵੇਰੇ ਜਲਦੀ ਉਠਾ ਦਿਆ ਕਰੇ ਤੇ ਅਸੀਂ ਉਸ ਫੇਰੀ ਵਾਲੇ ਤੋਂ ਪਹਿਲਾਂ ਪਹਿਲਾਂ ਆਪਣਾ ਸਮਾਨ ਵੇਚ ਦਿਆ ਕਰਾਂਗੇ।

ਮੁੰਨੀ—ਮਾਂ ਕੋਲੋਂ ਇਕ ਬਕਸਾ ਵੀ ਠੀਕ ਕਰਵਾ ਲੈਣਾ।

ਬੀਰੂ—ਹਾਂ, ਉਹਦੇ ਦੋਨੋਂ ਕੁੰਡਿਆਂ ਵਿਚ ਰੱਸੀ ਪਾ ਕੇ ਮੋਢਿਆਂ ਨਾਲ ਲਟਕਾਇਆ ਜਾ ਸਕਦਾ ਹੈ। ਜਿਹੜੇ ਪੈਸੇ ਅੱਜ ਵੱਟਾਂਗੇ ਨਾ, ਉਹ ਸਾਰੇ ਦੁਕਾਨਦਾਰ ਨੂੰ ਦੇ ਕੇ ਕੁਝ ਜੋਗਾ ਸੌਦਾ ਖਰੀਦ ਲਵਾਂਗੇ, ਤੇ ਕੁਝ ਸੌਦਾ ਉਧਾਰਾ ਵੀ ਲਿਆ ਜਾ ਸਕਦਾ ਹੈ, ਵੱਟਕ ਹੋਣ ਤੇ ਪੈਸੇ ਵਾਪਿਸ ਕਰ ਦਿਆਂਗੇ। ਕਿਉਂ ਠੀਕ ਹੈ ਨਾ?

ਮੁੰਨੀ—(ਬਾਹਰ ਨੂੰ ਜਾਂਦੀ ਹੋਈ) ਹਾਂ ਠੀਕ ਹੈ। (ਬਾਹਰੋਂ ਦੇਖ ਕੇ) ਭਾਅ! ਮੁਨਸ਼ੀ ਜੀ ਆ ਰਹੇ ਨੇ।

(ਦੋਨੋਂ ਜਣੇ ਝਟਾ ਝਟ ਸਮਾਨ ਤਿਆਰ ਕਰਦੇ ਹਨ)

(ਮੁਨਸ਼ੀ ਜੀ ਆਪਣੇ ਦੋ ਪੋਤਿਆਂ ਨਾਲ ਪ੍ਰਵੇਸ਼ ਕਰਦੇ ਹਨ)

ਬੀਰੂ—ਮੁਨਸ਼ੀ ਜੀ ਰਾਮ ਰਾਮ...

ਮੁਨਸ਼ੀ—ਰਾਮ ਰਾਮ, ਕੀ ਗਲ ਹੈ?

ਬੀਰੂ—ਤੁਹਾਡੀ ਮਿਹਰ ਹੈ। (ਮੁਨਸ਼ੀ ਜੀ ਸਿੱਧੇ ਹੀ ਲੰਘ ਜਾਂਦੇ ਹਨ) (ਆਪਣੇ ਆਪ ਨਾਲ) ਸੁਆਹ ਮਿਹਰ ਹੈ। ਅੱਜ ਕੀ ਹੋਇਆ?

ਮੁੰਨੀ—ਪਤਾ ਨਹੀਂ ਪੁੱਛਾਂ ਭਲਾ?

ਬੀਰੂ—ਨਹੀਂ।

ਮੁੰਨੀ—(ਦੌੜ ਕੇ ਜਾਂਦੀ ਹੈ) ਸੋਨੂੰ ਮੋਨੂੰ।

ਸੋਨੂੰ-ਮੋਨੂੰ—ਆਜ ਹਮਨੇ ਲੱਡੂ ਖਾਨੇ ਹੈਂ, ਬਿਸਕੁਟ ਨਹੀਂ ਖਾਨੇ।

ਬੀਰੂ+ਮੁੰਨੀ—ਹਾਂ ਹਾਂ ਲੱਡੂ ਵੀ ਖਾਉ ਤੇ ਬਿਸਕੁਟ ਵੀ ਖਾਓ।

ਸੋਨੂੰ-ਮੋਨੂੰ—ਬਾਬਾ ਲੈ ਦੋ ਨਾ।

ਮੁਨਸ਼ੀ—ਨਾ ਨਾ ਨਾ, ਬਿਸਕੁਟ ਗੰਦੇ ਲੱਡੂ ਅੱਛੇ।

ਸੋਨੂੰ-ਮੋਨੂੰ—ਹਾਂ ਹਾਂ ਹਾਂ ਬਿਸਕੁਟ ਗੰਦੇ ਲੱਡੂ ਅੱਛੇ।

(ਬੀਰੂ ਤੇ ਮੁੰਨੀ ਉਦਾਸ ਹੋ ਜਾਂਦੇ ਹਨ)

ਬੀਰੂ—ਮੁੰਨੀ ਤੂੰ ਬੈਠ ਮੈਂ ਜ਼ਰਾ ਮੰਦਿਰ ਮੱਥਾ ਟੇਕ ਆਵਾਂ।

ਮੁੰਨੀ—ਭਾਅ! ਅੱਜ ਮੁਨਸ਼ੀ ਜੀ ਨੇ ਬੋਹਣੀ ਤਾਂ ਕਰਾਈ ਨਹੀਂ ਫਿਰ ਮੰਦਿਰ ਕਾਹਦੇ ਨਾਲ ਮੱਥਾ ਟੇਕਾਂਗੇ।

ਬੀਰੂ—ਹਾਂ, ਫੇਰ ਕੀ ਕਰੀਏ (ਜ਼ਰਾ ਸੋਚ ਕੇ) ਚੱਲ ਮੱਥਾ ਤਾਂ ਟੇਕ ਆਉਨਾਂ, ਵੱਟਕ ਹੋਣ ਤੇ ਪੈਸੇ ਚੜ੍ਹਾ ਜਾਵਾਂਗੇ, ਗਾਹਕ ਨੂੰ ਛੇਤੀ ਛੇਤੀ ਚੀਜ਼ ਦੇਵੀਂ।

ਮੁੰਨੀ—ਅੱਛਾ!

(ਕੁਝ ਅਵਾਰਾ ਜਿਹੇ ਲੜਕੇ ਬੰਟੇ ਖੇਡਣ ਲਈ ਆ ਬੈਠਦੇ ਹਨ ਤੇ ਖੇਡਣਾ ਸ਼ੁਰੂ ਕਰਦੇ ਹਨ। ਜਮਾਦਾਰ ਦਾ ਪ੍ਰਵੇਸ਼)

ਮੁੰਨੀ—ਰਾਮੇ ਸਤਿ ਸ੍ਰੀ ਅਕਾਲ।

ਜਮਾਦਾਰ ਰਾਮਾ—ਸਤਿ ਸ੍ਰੀ ਅਕਾਲ! ਜਿਉਂਦੀ ਰਹਿ ਪੁੱਤ, ਤੂੰ ਐਨੀ ਸਵੇਰੇ ਸਵੇਰੇ, ਬੀਰੂ ਕਿਥੇ ਹੈ?

ਮੁੰਨੀ—ਮੰਦਿਰ ਗਿਆ ਹੈ।

ਰਾਮਾ—ਅੱਛਾ ਪੁੱਤ ਅੱਛਾ......(ਆਪਣੇ ਆਪ ਨਾਲ) ਰੱਬਾ ਤੂੰ ਵੀ ਬੜਾ ਪੱਥਰ ਦਾ ਬਣ ਗਿਆ ਹੈ ਬੱਚਿਆਂ ਨੂੰ ਤਾਂ ਚਿੱਤ ਨਾ ਲਾਉਂਦਾ, ਵਾਹ ਰੱਬਾ ਵਾਹ, ਵਾਹ ਰੱਬਾ ਵਾਹ।

(ਬੰਟੇ ਖੇਡਣ 'ਚ ਮਸਤ ਹਨ ਇਕ ਬਜ਼ੁਰਗ ਆਉਂਦਾ ਹੈ।

ਬਜ਼ੁਰਗ—ਖ਼ਬਰ ਨੀ ਮੈਂ ਗਲਤ ਆ ਗਿਆ ਹਾਂ, ਅਗੇ ਚਲ ਕੇ ਵੇਖਦਾ ਹਾਂ...(ਲੜਕਿਆਂ ਨੂੰ ਦੇਖ ਕੇ) ਕਾਕਾ,ਕਾਕਾ,ਇਹ ਰਸਤਾ ਕਿਧਰ ਨੂੰ ਜਾਂਦੈ ?

1+2—(ਉੱਠ ਕੇ) ਅੰਨ੍ਹਾ ਹੋਇਆਂ, ਤੇਰੇ ਦਿਸਦਾ ਨਹੀਂ ? (ਸਾਰੇ ਹੱਸਦੇ ਹਨ)

ਬਜ਼ੁਰਗ—ਕਾਕਾ ਮੇਰਾ ਤਾਂ ਮਤਲਬ ਸੀ।

(ਦੋ ਉੱਠ ਕੇ ਧੱਕਾ ਮਾਰਦੇ ਹੋਏ)

ਤੂੰ ਸਾਨੂੰ ਵਿਹਲੇ ਸਮਝਿਆ ਹੋਇਆ।

ਬਜ਼ੁਰਗ—ਕਾਕਾ ਗੁੱਸਾ ਨਹੀਂ ਕਰੀਦਾ...

3+4—ਆ ਜਾਂਦੇ ਨੇ ਸਾਨੂੰ ਖ਼ਰਾਬ ਕਰਨ, ਜਾ ਬਾਬਾ ਜਾ, ਸਿਰ ਨਾ ਖਾ।

ਬਜ਼ੁਰਗ—ਹੂੰ, ਵੱਡੀਆਂ ਕਮਾਈਆਂ ਕਰਦੇ ਨੇ ਪਏ ਹੂੰ ...(ਚਲਾ ਜਾਂਦਾ ਹੈ)

(ਜਮਾਂਦਾਰ ਉੱਠਦਾ ਹੈ ਝਾੜੂ ਫੇਰਦਾ ਫੇਰਦਾ ਇਹਨਾਂ ਮੁੰਡਿਆਂ ਕੋਲ ਆ ਕੇ).

ਜਮਾਂਦਾਰ—ਬੇਟਾ ਜ਼ਰਾ ਪਾਸੇ ਹੱਟਣਾ, ਮੈਂ ਜ਼ਰਾ ਝਾੜੂ ਦੇ ਲਵਾਂ।

1. ਕੀ ਕਿਹਾ ਮੁੜ ਕਹੀ ਤਾਂ।

ਜਮਾਂਦਾਰ—ਮੈਂ ਤਾਂ ਕੁੱਝ ਨਹੀਂ ਕਿਹਾ ਪੁੱਤ।

1. ਨਾਲੇ ਕਹੀ ਜਾਂਦੈਂ, ਦਸੀ ਖਾਂ ਮੈਂ ਤੇਰਾ ਪੁੱਤ ਹਾਂ, ਇਹ ਦੇਖੋ ਮੈਨੂੰ ਪੁੱਤ ਕਹਿੰਦਾ ਜੇ, ਬੇਟਾ ਕਹਿੰਦਾ ਜੇ।

ਸਾਰੇ—ਓਏ ਤੂੰ ਸਾਨੂੰ ਗਾਲ੍ਹ ਕਢਦੈਂ ?

2. ਕਰੀਏ ਤੇਰੀ ਹੋਸ਼ ਟਿਕਾਣੇ।

ਬਾਕੀ—ਕਰਨੀ ਹੀ ਪਊ।

(ਮਾਰਦੇ ਹਨ)

ਮੁੰਨੀ ਦੌੜੀ ਦੌੜੀ ਆਉਂਦੀ ਹੈ।

ਮੁੰਨੀ—ਰਾਮੇ ! ਰਾਮੇ !

3—ਜਾਂਦੀ ਹੈਂ ਕਿ ਨਹੀਂ।

ਜਮਾਂਦਾਰ—ਬੇਟੀ ਤੂੰ ਜਾ।

2+4—ਆਇਆ ਬੇਟਾ ਦਾ ਪਿਓ। ਹੋਰ ਮਾਰੋ ਹੋਰ ਮਾਰੋ।

ਜਮਾਂਦਾਰ—ਮਾਫ਼ ਕਰੋ, ਮਾਫ਼ ਕਰੋ ਅੱਗੇ ਤੋਂ ਨਹੀਂ ਕਹਿੰਦਾ।

1—ਫੜ ਕੰਨ। (ਕੰਨ ਫੜਦਾ ਹੈ);

ਬਾਕੀ—ਕੱਢ ਲੀਕਾਂ (ਲੀਕਾਂ ਕੱਢਦਾ ਹੈ)

ਹੁਣ ਤਾਂ ਬਖ਼ਸ਼ੋ ਮੇਰੇ ਬਾਪ।

ਸਾਰੇ—ਹਾਂਅ, ਬਾਪ, ਬਾਪ ਹਾਂ ਇਹ ਤਾਂ ਹੋਈ ਨਾ ਗਲ। ਚਲੋ ਬਈ ਚਲੋ, ਫੇਰ ਲੈਣ ਦਿਓ ਝਾੜੂ ਬੁੱਢੇ ਨੂੰ।

(ਜਾਂਦੇ ਹਨ)

ਮੁੰਨੀ—ਰਾਮੇ ਸੱਟ ਤਾਂ ਨਹੀਂ ਲਗੀ।

ਜਮਾਂਦਾਰ—ਨਹੀਂ ਪੁੱਤ ਆਹ ਦੇਖ ਲੈ ਹਾਲ ਆਪਣੇ ਅਜ ਕਲ ਦੇ ਨੌਜਵਾਨਾਂ ਦਾ।

(ਸਮੂਹ-ਗਾਨ-ਮੰਡਲੀ ਪ੍ਰਵੇਸ਼)

"ਦੇਖੋ ਆਪਣੇ ਬਾਲਾਂ ਨੂੰ ਕੀ ਕੁਝ ਅਸਾਂ ਸਿਖਾਇਆ ਏ।
ਦੇਖੋ ਆਪਣੇ ਲਾਲਾਂ ਨੂੰ ਪੱਥਰ ਅਸਾਂ ਬਣਾਇਆ ਏ।
ਇਹ ਜਦ ਜਗ ਤੇ ਆਏ ਸਨ
ਉਜਲੇ ਉਜਲੇ ਦਰਪਨ ਸਨ
ਹਰ ਇਕ ਉਜਲੇ ਦਰਪਨ ਤੇ
ਦਾਗ ਅਸਾਂ ਹੀ ਲਾਇਆ ਏ।
ਦੇਖੋ...
ਕਦੇ ਪਿਆਰ ਦੀ ਬੁਰਕੀ ਦੇ
ਕਦੇ ਕਰੋਧ ਦੀ ਘੁਰਕੀ ਦੇ
ਮਹਿਕੇ ਮਹਿਕੇ ਸਾਹਾਂ ਵਿਚ
ਕੈਸਾ ਜ਼ਹਿਰ ਰਲਾਇਆ ਏ।
ਦੇਖੋ...
ਭੇਦ ਭਾਵ ਇਨਸਾਨਾਂ ਦਾ
ਨਿਰਧਨ ਤੇ ਧਨਵਾਨਾਂ ਦਾ
ਆਪਾਂ ਨਹੀਂ ਸਿਖਾਇਆ ਤਾਂ
ਕਿਸਨੇ ਹੋਰ ਸਿਖਾਇਆ ਹੈ
ਦੇਖੋ ਆਪਣੇ... (ਘੀਰੂ ਦਾ ਪ੍ਰਵੇਸ਼)

ਘੀਰੂ—ਲੈ ਰਾਮੇ ਪ੍ਰਸ਼ਾਦ ਲੈ ਲੈ।

ਜਮਾਂਦਾਰ—ਜਿਊਂਦਾ ਰਹਿ ਪੁਤ...(ਚਲਾ ਜਾਂਦਾ ਹੈ)

ਘੀਰੂ—ਜਾ ਮੁੰਨੀ ਹੁਣ ਤੂੰ ਵੀ ਮੱਥਾ ਟੇਕ ਆ, ਕੋਈ ਗਾਹਕ ਤਾਂ ਨਹੀਂ ਆਇਆ ?

ਮੁੰਨੀ—ਉ ਹੂੰ...ਅੱਛਾ ਭਾਅ। ਬਿਸਕੁਟ ਦਾ ਪੀਪਾ ਖੁਲ੍ਹਾ ਨਾ ਛਡੀਂ ਝੱਟ ਦੇ ਕੇ ਮੱਖੀਆਂ ਵੜ ਜਾਂਦੀਆਂ ਨੇ, ਮੈਂ ਗਈ ਤੇ ਆਈ।

(ਮੁੰਨੀ ਜਾਂਦੀ ਹੈ)

(ਸਕੂਲ ਦੇ ਬੱਚਿਆਂ ਦਾ ਭਾਰੇ ਭਾਰੇ ਬਸਤਿਆਂ ਨਾਲ ਪ੍ਰਵੇਸ਼)

1—ਐਨਾ ਸਾਰਾ ਹੋਮ ਵਰਕ ਮਿਲਿਆ ਸੀ।

ਸਾਰੇ—ਹਾਂ ਮਿਲਿਆ ਸੀ।

2+3—ਤੂੰ ਸਾਰਾ ਕਰ ਲਿਆ।

1—ਕਰ ਤਾਂ ਲਿਆ......ਪਰ ਰੋਂਦਾ ਰੋਂਦਾ।

4+5+6—ਰੋਂਦਾ, ਰੋਂਦਾ।

7+8—ਫੇਰ ਤਾਂ ਤੁਹਾਨੂੰ ਅੱਜ ਮਾਰ ਪਊ।

2+3—ਹਾਇ ਓਇ ਮੇਰਾ ਤਾਂ ਹੋਮ ਵਰਕ ਵੀ ਰਹਿੰਦਾ ਹੈ।

ਬਾਕੀ—ਮੇਰਾ ਤਾਂ ਆਪ।

9—ਗੱਲ ਸੁਣੋ, ਗੱਲ ਸੁਣੋ ਆਪਾਂ ਇਕ ਚਲਾਕੀ ਕਰੀਏ।

ਸਾਰੇ—ਕਿਹੜੀ ਕਿਹੜੀ ਕਿਹੜੀ ?

9—ਆਪਾਂ ਨਾ ਇਕ ਐਪਲੀਕੇਸ਼ਨ ਲਿਖਦੇ ਹਾਂ, ਮੰਮੀ ਵਲੋਂ।

ਬਾਕੀ—ਤੇ ਫੇਰ ?

9—ਫੇਰ ਸਕੂਲੋਂ ਅੱਜ ਛੁੱਟੀ।

ਬਾਕੀ ਸਾਰੇ—ਆਹਾ ਜੀ ਛੁੱਟੀ।

ਸਾਰੇ—ਆਹਾ ਜੀ ਛੁੱਟੀ।

4+5—ਪਰ ਲਿਖਾਂਗੇ ਕੀ ?

9—ਬੀਮਾਰ ਹੋ ਜਾਈਏ।

**ਦੋ ਛੋਟੇ ਛੋਟੇ ਬੱਚੇ** – ਨਾ ਬਈ ਨਾ ਫੇਰ ਤਾਂ ਦੁਆਈਆਂ ਖਾਣੀਆਂ ਪੈਣਗੀਆਂ, ਟੀਕੇ ਲੱਗੂਗੇ ।

(ਸਾਰੇ ਹੱਸਦੇ ਹਨ)

**ਸਾਰੇ** — ਲੈ [illegible]

**6+7** – ਤੇ ਬੱਚੂ ਜੀ ਮੰਮੀ ਦੇ ਸਾਇਨ ਕੌਣ ਕਰੂ...

**9** – ਆਪੇ ਹੀ ਕਰ ਲਵਾਂਗੇ ।

**6+7** – ਨਾ ਬਈ ਨਾ ਆਪਾਂ ਤਾਂ ਨਹੀਂ ਝੂਠ ਬੋਲਦੇ ।

**ਬਾਕੀ ਕੁੜੀਆਂ** — ਆਪਾਂ ਤਾਂ ਆਪ ।

**6+7** — ਅਸੀਂ ਤੁਹਾਡੇ ਸਾਰਿਆਂ ਦੇ ਘਰੇ ਦੱਸ ਦਿਆਂਗੇ ਕੇ ਤੁਸੀਂ ਬਹਾਨੇ ਮਾਰਦੇ ਹੋ ਤੇ ਸਕੂਲੋਂ...

(ਡਰ ਕੇ ਇਕ ਦਮ ਪੈਂਤੜਾ ਬਦਲਦੇ ਹੋਏ)

**ਬਾਕੀ** – ਲੈ ਅਸੀਂ ਕੋਈ ਸੱਚੀਂ ਮੁੱਚੀਂ ਥੋੜਾ ਈ ਕਹਿੰਦੇ ਸੀ ।

**2+3** —(ਆਪਸ ਵਿਚ) ਹਾਇ ਓਇ ਹੁਣ ਤਾਂ ਸਕੂਲ ਜਾਣਾ ਹੀ ਪਊ ।

**4+5** – ਹਾਂ ਬੜੀ ਹੁਣ ਤਾਂ ਸਕੂਲ ਜਾਣਾ ਹੀ ਪਊ ।

(ਬਸਤੇ ਚੁੱਕਦੇ ਹਨ)

**ਅੱਧੇ 1** — ਐਨੇ ਭਾਰੇ ਬਸਤੇ ।

**ਅੱਧੇ 2** — ਹਾਇ ਓਇ ਐਨੇ ਲੰਬੇ ਰਸਤੇ ।

(ਗਾਉਂਦੇ ਹੋਏ)

ਭਾਰੇ ਭਾਰੇ ਬਸਤੇ
ਲੰਬੇ ਲੰਬੇ ਰਸਤੇ
ਥੱਕ ਗਏ ਨੇ ਮੋਢੇ
ਦੁਖਣ ਲੱਗ ਪਏ ਗੋਡੇ
ਐਨਾ ਭਾਰ ਚੁਕਾਇਆ ਏ
ਅਸੀਂ ਕੋਈ ਖੋਤੇ ਹਾਂ ?

ਜਦੋਂ ਸਕੂਲੇ ਜਾਵਾਂਗੇ
ਬਾਂਹ ਤੋਂ ਬਸਤੇ ਲਾਹਵਾਂਗੇ
ਮਾਸਟਰ ਜੀ ਆਉਣਗੇ
ਆ ਕੇ ਹੁਕਮ ਸੁਣਾਉਣਗੇ
ਚਲੋ ਕਿਤਾਬਾਂ ਖੋਲ੍ਹੋ
ਪਿਛੇ ਪਿੱਛੇ ਬੋਲੋ
ਪਿੱਛੇ ਪਿੱਛੇ ਬੋਲੀਏ
ਅਸੀਂ ਕੋਈ ਤੋਤੇ ਹਾਂ ?

ਚਲੋ ਚਲੋ ਬਈ ਚੱਲੀਏ
ਛੇਤੀ ਛੇਤੀ ਹਿੱਲੀਏ
ਜੇਕਰ ਹੋ ਗਈ ਦੇਰ
ਕੀ ਹੋਵੇਗਾ ਫੇਰ ?
ਮਾਸਟਰ ਜੀ ਆਉਣਗੇ
ਝਿੜਕਾਂ ਖੂਬ ਸੁਣਾਉਣਗੇ ।

(ਮੁੰਨੀ ਦਾ ਪ੍ਰਵੇਸ਼)

ਹੁਣੇ ਹੀ ਤਾਂ ਜਾਨੇ ਹਾਂ
ਅਸੀਂ ਕਿਤੇ ਖਲੋਤੇ ਹਾਂ ?
ਅਸੀਂ ਕੋਈ ਖੋਤੇ ਹਾਂ ?
ਅਸੀਂ ਕੋਈ ਤੋਤੇ ਹਾਂ ?

ਚੰਗਾ ਜੀ ਨਮਸਤੇ, ਅੱਛਾ ਜੀ ਨਮਸਤੇ
ਭਾਰੇ ਭਾਰੇ ਬਸਤੇ, ਲੰਬੇ ਲੰਬੇ ਰਸਤੇ ।

(ਜਾਂਦੇ ਹਨ)

**ਮੁੰਨੀ+ਬੀਰੂ** —(ਬਸਤਿਆਂ ਦਾ ਅਭਿਨੈ ਕਰਦੇ ਹੋਏ)

**ਬੀਰੂ** — ਭਾਰੇ ਭਾਰੇ ਬਸਤੇ

**ਮੁੰਨੀ** — ਲੰਬੇ ਲੰਬੇ ਰਸਤੇ

**ਦੋਨੋਂ** — ਚੰਗਾ ਜੀ ਨਮਸਤੇ
ਅੱਛਾ ਜੀ ਨਮਸਤੇ
ਚੰਗਾ ਜੀ ਨਮ ..

**ਦੋਨੋਂ** — ਉਹ ਦੁਕਾਨ ਤੇ ਕੋਈ ਵੀ ਨਹੀਂ ?

**ਮੁੰਨੀ** — ਭਾਅ ਕੋਈ ਗਾਹਕ ਆਇਆ ।

**ਬੀਰੂ** — ਕੋਈ ਵੀ ਨਹੀਂ, ਘੰਟੇ ਭਰ ਤੋਂ ਖਾਲੀ ਬੈਠੇ ਹਾਂ ਭਲਾ ਜੇ ਮੁਨਸ਼ੀ ਰਾਮ ਕੁਝ ਨਹੀਂ ਖਰੀਦੇਗਾ ਤਾਂ ਸਾਰੀ ਦੁਨੀਆਂ ਕੁਝ ਨਹੀਂ ਖਰੀਦੇਗੀ ..

**ਮੁੰਨੀ** — ਭਾਅ, ਉਹ ਭਈਆ ਜਿਹਾ ਆ ਰਿਹਾ, ਜ਼ਰੂਰ ਬੀੜੀ ਲਊਗਾ (ਤਿਆਰੀ ਕਰਦੇ ਹਨ)

**ਬੀਰੂ** – ਹਾਂ ਉਹ ਬੱਚੇ ਵੀ ਆ ਰਹੇ ਨੇ; ਗੋਲੀਆਂ ਲੈਣਗੇ । ਫੜਾਈਂ ਜ਼ਰਾ ਮਰਤਬਾਨ ।

**ਬੱਚੇ (ਦੋ)** – ਚਲੋ ਚਲੋ ਦੇਰ ਹੋ ਗਈ—(ਲੰਘ ਜਾਂਦੇ ਹਨ)

**1** – ਪੰਜੀ ਦੀਆਂ ਗੋਲੀਆਂ ਦੇਣਾ ।

**ਦੋਨੋਂ** — ਗੋਲੀਆਂ ਲੈਣੀਆਂ ?

(ਗਾਹਕ) **ਬੱਚਾ** – ਹਾਂ ।

**ਬੀਰੂ** – ਜਿਹੜੀਆਂ ਮਰਜ਼ੀ ਏ ਲੈ ਲੈ ਜੇ ਦਸੀ ਦੀਆਂ ਲਏਂਗਾ ਤਾਂ ਪੰਜ ਆਉਣਗੀਆਂ ।

**ਮੁੰਨੀ** – ਮਤਲਬ ਕਿ ਇਕ ਵਾਧੂ ।

**ਬੱਚਾ** – ਮੇਰੇ ਕੋਲ ਤਾਂ ਪੰਜੀ ਹੀ ਹੈ ।

**ਬੀਰੂ** – ਲੈ ਫੇਰ ।

(ਬੱਚਾ ਗੋਲੀਆਂ ਲੈ ਕੇ ਦੌੜ ਜਾਂਦਾ ਹੈ)

(ਭਈਆ ਜਿਹਾ ਬੀੜੀ ਲੱਭਦਾ ਹੋਇਆ ਆ ਰਿਹਾ ਹੈ)

**ਭਈਆ** — ਬੀੜੀ ਚਾਹੀਏ ?

**ਮੁੰਨੀ** – ਕਿਹੜੀ ਦੇਵਾਂ ?

**ਬੀਰੂ** – ਉਹੀ ਸੂਰਜ ਛਾਪ ਵਾਲੀ ਦੇ ਦੇ, ਵਧੀਆ ਦੀ ਵਧੀਆ ਤੇ ਸਸਤੀ ਦੀ ਸਸਤੀ ।

**ਭਈਆ** – ਸ਼ੇਰ ਵਾਲੀ ਹੈ ?

**ਬੀਰੂ** — ਸ਼ੇਰ ਮਾਰਕਾ ਬੀੜੀ ਤਾਂ ਅੱਜ ਕਲ ਨਕਲੀ ਆ ਰਹੀ ਹੈ, ਤਦੇ ਹੀ ਤਾਂ ਲਿਆਉਣੀ ਬੰਦ ਕਰ ਦਿਤੀ । ਸ਼ੇਰ ਨਾਲੋਂ ਕਿਤੇ ਵਧੀਆ ਤਾਂ ਸੂਰਜ ਛਾਪ ਹੈ, ਵੈਸੇ ਚਾਂਦ ਤੇ ਬਾਲਕ ਛਾਪ ਵੀ ਹੈ, ਪਰ ਸਭ ਤੋਂ ਵਧੀਆ ਤਾਂ ਇਹੋ ਹੈ...

**ਮੁੰਨੀ**—(ਬੀੜੀ ਫੜਾਉਂਦੀ ਹੋਈ) ਸੁਲਗਾਉਗੇ ?

(ਭਈਆ ਸੁਲਗਾ ਕੇ ਚਲਾ ਜਾਂਦਾ ਹੈ)

(ਖੁਸ਼ ਹੋ ਕੇ) ਭਾਅ ! ਜਦੋਂ ਮੈਂ ਬੀੜੀ ਸੁਲਗਾ ਦਿਤੀ ਤਾਂ ਬੜੀ ਖੁਸ਼ ਹੋ ਗਈ ਕਿ ਹੁਣ ਤਾਂ ਨਹੀਂ ਮੰਗੂ ਸ਼ੇਰ ਮਾਰਕਾ ।

**ਬੀਰੂ** — ਤੂੰ ਵੀ ਬੜੀ ਚੁਸਤ ਹੋ ਗਈ ਹੈਂ !

(ਮੁੰਨੀ ਖੁਸ਼ ਹੁੰਦੀ ਹੈ)

ਬੀਰੂ—ਮੈਂ ਜ਼ਰਾ ਮੰਦਿਰ ਪੈਸੇ ਚੜ੍ਹਾ ਆਵਾਂ, ਰੱਬ ਨਾਲ ਉਧਾਰ ਕੀਤਾ ਸੀ ਨਾ...

ਮੁੰਨੀ—ਹਾਂ ਨਾਲੇ ਅਰਦਾਸ ਕਰੀਂ ਕਿ ਬਹੁਤੀ ਵੱਟਕ ਹੋਵੇ।

ਬੀਰੂ—ਅੱਛਾ....। (ਜਾਂਦਾ ਹੈ)

ਮੁੰਨੀ—ਸਮਾਨ ਠੀਕ ਕਰਦੀ ਹੈ।

(ਆਪਣੇ ਆਪ ਨਾਲ)

ਜਿੰਨਾ ਮਰਜ਼ੀ ਬਾਰ ਬਾਰ ਝਾੜੀ ਜਾਓ ਪਤਾ ਨਹੀਂ ਐਨੀ ਮਿੱਟੀ ਕਿਥੋਂ ਆ ਜਾਂਦੀ ਹੈ।

(ਬੀਰੂ ਆਉਂਦਾ ਹੈ)

ਬੀਰੂ—ਮੁੰਨੀ ਮੈਂ ਅੱਜ ਪੰਜ ਪੈਸੇ ਚੜ੍ਹਾ ਕੇ ਆਇਆ ਹਾਂ ਨਾਲੇ ਅਰਦਾਸ ਵੀ ਕੀਤੀ ਸੀ ਕਿ ਅੱਜ ਸਾਨੂੰ ਐਨੀ ਵਟਕ ਹੋਵੇ ਕਿ ਕਲ੍ਹ ਜੋਗਾ ਸੌਦਾ ਖਰੀਦ ਲਈਏ।

ਮੁੰਨੀ—(ਹੱਥ ਵਿਚ ਸਾਬਣ ਦੀ ਚਾਕੀ ਫੜੀ ਹੋਈ) ਭਾਅ! ਇਹ ਅਜੇ ਤਕ ਵਿਕੀ ਨਹੀਂ, ਕਿੰਨੇ ਹੀ ਦਿਨਾਂ ਦੀ ਪਈ ਹੈ।

ਬੀਰੂ—ਹਾਂ ਤਿੰਨ ਕੁ ਮਹੀਨੇ ਹੋਣ ਵਾਲੇ ਨੇ, ਚਾਰ ਲਿਆਂਦੀਆਂ ਸਨ, ਦੋ ਵਿਕ ਗਈਆਂ, ਦੋ ਅਜੇ ਤਕ ਵੀ ਪਈਆਂ ਨੇ।

ਮੁੰਨੀ—ਭਾਅ। ਇਹ ਸੁੱਕ ਕੇ ਲੱਕੜੀ ਬਣੀ ਜਾ ਰਹੀ ਹੈ। ਇਹਨੂੰ ਕਿਸੇ ਨਾ ਕਿਸੇ ਤਰ੍ਹਾਂ ਵੇਚ ਦੇ।

ਬੀਰੂ—(ਖਿੱਝ ਕੇ) ਕੋਈ ਲਏ ਵੀ ਤਾਂ...(ਦੋ ਕਲਰਕ ਗਲਾਂ ਕਰਦੇ ਹੋਏ ਆਉਂਦੇ ਹਨ) (ਗੱਲਾਂ ਕੁਝ ਵੀ ਹੋ ਸਕਦੀਆਂ ਨੇ)

ਕਲਰਕ—ਯਾਰਾ! ਤੂੰ ਬੌਸ ਤੋਂ ਮਾਫ਼ੀ ਮੰਗ ਲੈ।

2—ਕਾਹਦੀ ਮਾਫ਼ੀ।

1—ਯਾਰ! ਐਵੇਂ ਜ਼ਿੱਦ ਨਹੀਂ ਕਰੀਦੀ।

2—ਪਰ ਜਦੋਂ ਮੇਰਾ ਕਸੂਰ ਹੀ ਕੋਈ ਨਹੀਂ।

1—ਸਿਗਰਟ ਹੈ।

2—ਨਹੀਂ ਚਲ ਉਥੋਂ ਲੈ ਲੈਂਦੇ ਹਾਂ।

(ਸਾਹਮਣੀ ਦੁਕਾਨ ਤੋਂ ਜਾ ਕੇ ਮੁੜਦੇ ਹਨ)

ਦੋਨੋਂ—ਚੰਪਾ ਦੀ ਦੁਕਾਨ ਹਾਲੇ ਬੰਦ ਹੈ।

2—ਚਲ ਉਥੋਂ ਲੈ ਲੈਂਦੇ ਹਾਂ।

(ਬੀਰੂ-ਮੁੰਨੀ ਕੋਲ ਆ ਜਾਂਦੇ ਨੇ)

1—ਦੋ ਸਿਗਰਟਾਂ ਦਈਂ।

ਬੀਰੂ—ਕਿਹੜੀਆਂ ਸਾਹਬ?

1—ਵਿਲਸਨ।

(ਆਪਸ ਵਿਚ ਗਲਾਂ ਕਰਨ ਲਗ ਪੈਂਦੇ ਨੇ)

ਬੀਰੂ ਸਾਹਬ! ਕਪੜੇ ਧੋਣ ਦਾ ਸਾਬਣ ਚਾਹੀਦੈ?

ਮੁੰਨੀ ਸਾਹਬ! ਬਹੁਤ ਵਧੀਆ ਸਾਬਣ ਹੈ, ਫ਼ਸਟ ਕਲਾਸ, ਦਿਨਾ ਹੱਥ ਮਾਰੇ ਕਪੜੇ ਦੁੱਧ ਵਰਗੇ ਚਿੱਟੇ ਹੋ ਜਾਂਦੇ ਨੇ।

ਬੀਰੂ ਤੇ ਸਾਹਬ ਹੈ ਵੀ ਬੜਾ ਸਸਤਾ, ਇਕ ਟਿੱਕੀ ਸਿਰਫ਼ ਅੱਠੀ ਪੈਸੇ ਦੀ। ਦੋ ਹੀ ਰਹਿ ਗਈਆਂ ਨੇ, ਜੇ ਦੋਨੋਂ ਲੈ ਲਵੋਗੇ ਤਾਂ ਹੋਰ ਵੀ ਸਸਤਾ ਕਰ ਦਿਆਂਗੇ, ਸਾਹਬ, ਸਿਰਫ਼ ਡੇਢ ਰੁਪਿਆ।

ਕਲਰਕ - ਸਿਗਰਟ ਤਾਂ ਦਿਓ।

ਮੁੰਨੀ - (ਫੜਾਉਂਦੀ ਹੋਈ) ਸਾਹਬ ਬਾਜ਼ਾਰ ਵਿਚੋਂ ਐਨਾ ਵਧੀਆ ਤੇ ਸਸਤਾ ਸਾਬਣ ਨਹੀਂ ਜੇ ਮਿਲਣਾ।

(ਕਲਰਕ ਸਿਗਰਟਾਂ ਦੇ ਪੈਸੇ ਫੜਾ ਕੇ ਤੁਰ ਜਾਂਦੇ ਹਨ।

ਬੀਰੂ - ਚੋਲਾ ਸੀ ਸਾਲਾ..।

ਮੁੰਨੀ - (ਮੂੰਹ ਤੇ ਹੱਥ ਰਖਕੇ) ਗਾਹਕ ਨੂੰ ਬੁਰਾ ਭਲਾ ਨਹੀਂ ਕਹਿਣਾ ਚਾਹੀਦਾ, ਦੁਕਾਨਦਾਰੀ ਖਰਾਬ ਹੁੰਦੀ ਹੈ।

[illegible] ਉਦਾਸ ਹੋਕੇ) ਅੱਜੀ ਵੱਟੀ [illegible] ਵਾਲਾ ਹੈ।

ਮੁੰਨੀ (ਉਦਾਸ ਹੋ ਕੇ ਬੈਠਦੀ ਹੈ)

(ਖਿਡੌਣਿਆਂ ਵਾਲਾ ਲੰਘਦਾ ਹੈ)

ਖਿਡੌਣਿਆਂ ਵਾਲਾ—ਖਿਡੌਣੇ ਲਉ, ਖਿਡੌਣੇ ਲਉ।

(ਦੋਨੋਂ ਵੇਖਕੇ ਉਦਾਸ ਹੋ ਜਾਂਦੇ ਨੇ ਪਰ ਜਦੋਂ ਖਿਡੌਣਿਆਂ ਵਾਲਾ ਲੰਘ ਜਾਂਦਾ ਹੈ ਤਾਂ ਬੜੇ ਖੁਸ਼ ਹੁੰਦੇ ਹਨ ਤੇ ਇਸ਼ਾਰਿਆਂ ਨਾਲ ਇਹ ਭਾਵ ਦਿੰਦੇ ਹਨ ਕਿ ਬਲਾ ਟਲੀ)

ਬੀਰੂ—ਗੋਲੀਆਂ ਅੰਬ-ਪਾਪੜ ਤੂੰ ਵਈ ਜਾਈਂ, ਮੈਂ ਬਿਸਕੁਟ ਵਈ ਜਾਊਂ... ਠੀਕ ਹੈ?

ਮੁੰਨੀ—ਹਾਂ ਦੋ ਚਾਰ ਰੁਪਏ ਤਾਂ ਹੋ ਹੀ ਜਾਣਗੇ!

ਬੀਰੂ—ਉਹ ਤਾਂ ਕਿਧਰੇ ਗਏ ਨਹੀਂ।

(ਮਿੱਠੇ ਖਿਡੌਣਿਆਂ ਵਾਲਾ ਫਿਰ ਆ ਜਾਂਦਾ ਹੈ)

ਮਿੱਠੇ ਖਿਡੌਣੇ ਵਾਲਾ—ਮਿੱਠੇ ਖਿਡੌਣੇ, ਪੰਜੀ ਪੰਜੀ, ਮਿੱਠੇ ਖਿਡੌਣੇ ਪੰਜੀ ਪੰਜੀ। ਹਾਥੀ ਲਓ, ਘੋੜਾ ਲਓ ਪੰਜੀ ਪੰਜੀ, ਤੋਤਾ ਲਓ ਮੈਨਾ ਲਉ ਪੰਜੀ ਪੰਜੀ, ਮਿੱਠੇ ਖਿਡੌਣੇ ਪੰਜੀ ਪੰਜੀ।

(ਸਕੂਲ ਦੇ ਬੱਚੇ ਆਉਂਦੇ ਹਨ, ਬੀਰੂ-ਮੁੰਨੀ ਵਲ ਵੇਖਕੇ, ਖਿਡੌਣਿਆਂ ਵਾਲੇ ਕੋਲ ਦੌੜ ਜਾਂਦੇ ਹਨ।

ਬੀਰੂ—ਮੁੰਨੀ ਇਸ਼ਾਰਿਆਂ ਨਾਲ ਬੁਲਾਉਂਦੇ ਹਨ ਪਰ ਸਾਰੇ ਬੱਚੇ ਉਥੇ ਹੀ ਚਲੇ ਜਾਂਦੇ ਹਨ। ਬੀਰੂ-ਮੁੰਨੀ ਪਰੇਸ਼ਾਨ ਹੁੰਦੇ ਹਨ। ਮੁੰਨੀ ਉੱਠ ਕੇ ਬੱਚਿਆਂ ਕੋਲ ਜਾ ਕੇ ਉੱਚੀ ਉੱਚੀ ਬੋਲਦੀ ਹੈ।

ਮੁੰਨੀ—ਖਸਤਾ ਕਰਾਰੇ ਬਿਸਕੁਟ, ਵਧੀਆ ਸੰਤਰੇ ਦੀਆਂ ਗੋਲੀਆਂ, ਅੰਬ ਪਾਪੜ ਲਓ, ਬਿਸਕੁਟ ਲਓ।

ਬੱਚੇ—ਜਾ, ਜਾ ਅਸੀਂ ਨਹੀਂ ਲੈਣੇ ਅਸੀਂ ਨਹੀਂ ਲੈਣੇ।

ਬੱਚੇ—ਖੰਡ ਦੇ ਖਿਡੌਣੇ, ਜੀਅ ਪਰਚੌਣੇ, ਖੇਡ ਲਓ, ਖਿਡਾ ਲਓ ਟੁੱਟ ਗਏ ਤਾਂ ਖਾ ਲਓ।

ਬੀਰੂ—ਮੁੰਨੀ, ਮੁੰਨੀ (ਬਾਕੀ ਸਾਰੇ ਸਟਿਲ ਹੋ ਜਾਂਦੇ ਹਨ) ਕੀ ਕਰਦੀ ਪਈ ਹੈਂ, ਤੈਨੂੰ ਪਤਾ ਨਹੀਂ ਬੈਂਕ ਵਿਚ ਬਾਬੂ ਲੋਕ ਆ ਗਏ ਨੇ, ਇਥੋਂ ਦੁਕਾਨ ਚੁਕਾਵੇਂਗੀ?

ਮੁੰਨੀ - ਭਾਅ!

ਬੀਰੂ—ਮੁੰਨੀ, ਜਿੰਨੀ ਦੇਰ ਇਹ ਖਿਡੌਣਿਆਂ ਵਾਲਾ ਇਥੇ ਰਹੂ, ਕੋਈ ਵੀ ਬੱਚਾ ਸਾਡੀ ਦੁਕਾਨ ਤੋਂ ਸੌਦਾ ਨਹੀਂ ਲਊ, ਚਲ! ਕੀ ਫ਼ਾਇਦਾ।

ਬੱਚੇ—(ਰਾਤੀ 'ਚ ਆ ਜਾਂਦੇ ਹਨ)

ਖੰਡ ਦੇ ਖਿਡੌਣੇ
ਜੀਅ ਪਰਚੌਣੇ
ਖੇਡ ਲਉ ਖਿਡਾ ਲਉ
ਟੁੱਟ ਗਏ ਤਾਂ ਖਾ ਲਉ ।

(ਨੱਚਦੇ-ਟੱਪਦੇ ਬੱਚੇ ਵਾਪਸ ਜਾਂਦੇ ਹਨ ਪਰ ਦੂਜੇ ਪਾਸਿਓਂ ਡੁਗਡੁਗੀ ਦੀ ਆਵਾਜ਼ ਸੁਣ ਕੇ ਮੁੜ ਆਉਂਦੇ ਹਨ ।)
(ਮਦਾਰੀ-ਬੰਦਰ-ਬੰਦਰੀ ਦੇ ਨਾਲ ਮੰਚ ਤੇ ਆਉਂਦਾ ਹੈ ।)

**ਮਦਾਰੀ**—ਚਲੋ ਬੱਚਿਓ ਬੈਠੋ । ਹਾਂ ਤੇ ਮਿਹਰਬਾਨ, ਕਦਰਦਾਨ ਇਸ ਪਾਪੀ ਪੇਟ ਨੇ ਬੜੇ ਬੜੇ ਨਾਚ ਨਚਾਏ, ਹੁਣ ਤੁਸੀਂ ਇਹਨਾਂ ਬੰਦਰ-ਬੰਦਰੀ ਦਾ ਨਾਚ ਵੀ ਦੇਖੋ... ਹਾਂ ਬਈ ਮੇਰੇ ਪਿਆਰੂ ਨਾਚ ਦਿਖਾ ਦੇ !

**ਬੰਦਰ**—(ਸਿਰ ਨਾਂਹ 'ਚ ਮਾਰਦਾ ਹੈ)

**ਮਦਾਰੀ**—ਨੱਚਣਾ ਨਹੀਂ ?

**ਬੰਦਰ**—ਉਹੂੰ...

**ਮਦਾਰੀ**—ਜੇ ਨੱਚੇਂਗਾ ਨਹੀਂ ਤਾਂ ਪੈਸੇ ਨਹੀਂ ਮਿਲਣੇ, ਫੇਰ ਰੋਟੀ ਕਿਵੇਂ ਮਿਲੂ, ਪੇਟ ਕਿਵੇਂ ਭਰੇਗਾ, ਨੱਚ ਲੈ ਹਾਂ ਸ਼ਾਬਾਸ਼ । ਚਲ ਆਪਣੀ ਬੇਗਮ ਨੂੰ ਵੀ ਮਨਾ ਲੈ ।

(ਬੰਦਰ-ਬੰਦਰੀ ਕੋਲ ਜਾਂਦਾ ਹੈ, ਉਹ ਰੁੱਸ ਜਾਂਦੀ ਹੈ, ਮੰਨਦੀ ਨਹੀਂ)

**ਮਦਾਰੀ**—ਕਿਉਂ ਰੋਟੀ ਨਹੀਂ ਖਾਣੀ, ਆਹੋ ਤੈਨੂੰ ਸਾੜ੍ਹੀ ਵੀ ਲੈ ਦੂੰ ਪਹਿਲੇ ਨੱਚ ਤਾਂ ਲੈ ਪੈਸੇ ਮਿਲਣਗੇ ਤਾਂ ਹੀ ਨਾ, ਲੈ ਬਈ ਮੰਨ ਗਈ...ਹਾਂ ਸ਼ਾਬਾਸ਼ । (ਗਾਉਂਦਾ ਹੈ)..
(ਮੰਚ ਦੇ ਪਿੱਛੋਂ ਕੋਰਸ ਦੀ ਆਵਾਜ਼)

ਨੱਚ ਮੇਰੇ ਬਾਂਦਰ, ਤੂੰ ਨੱਚ ਕੇ ਦਿਖਾ
ਦੂਜਿਆਂ ਦੇ ਵਾਸਤੇ ਤਮਾਸ਼ਾ ਬਣ ਜਾ

ਕੋਈ ਕੋਈ ਨਸ਼ੇ ਵਿਚ ਚੂਰ ਹੋ ਕੇ ਨੱਚਦਾ
ਚੰਗਾ ਭਲਾ ਆਦਮੀ ਲੰਗੂਰ ਹੋ ਕੇ ਨੱਚਦਾ
ਕੋਈ ਖੁਸ਼ੀ ਨਾਲ ਭਰਪੂਰ ਹੋ ਕੇ ਨੱਚਦਾ
ਕੋਈ ਤੇਰੇ ਵਾਂਗ ਮਜਬੂਰ ਹੋ ਕੇ ਨੱਚਦਾ
ਆਪ ਭਾਵੇਂ ਰੋ, ਪਰ ਲੋਕਾਂ ਨੂੰ ਹਸਾ
ਨੱਚ ਮੇਰੇ...

ਨੌਕਰ ਨੇ ਸਾਹਬ ਦੇ ਸਹਾਰਿਆਂ ਤੇ ਨੱਚਦੇ
ਸਾਅਬ ਜੀ ਨੇ ਮੇਮ ਦੇ ਇਸ਼ਾਰਿਆਂ ਤੇ ਨੱਚਦੇ
ਮੇਮ ਜੀ ਨੇ ਗੋਟਿਆਂ ਕਿਨਾਰਿਆਂ ਤੇ ਨੱਚਦੇ
ਅਸੀਂ ਏਨ੍ਹਾਂ ਸਾਰਿਆਂ ਦੇ ਕਾਰਿਆਂ ਤੇ ਨੱਚਦੇ
ਸਾਰਿਆਂ ਨੂੰ ਸਾਰਿਆਂ ਦਾ ਨੱਚਣਾ ਸਿਖਾ ।
ਨੱਚ ਮੇਰੇ...

ਵੱਡੇ ਵੱਡੇ ਹਨ ਅਭਿਨੇਤਾ ਏਥੇ ਨਚਦੇ
ਹੋਰ ਗੱਲ ਛੱਡੋ ਸਾਡੇ ਨੇਤਾ ਏਥੇ ਨੱਚਦੇ
ਪੰਜ ਸਾਲ ਹੋਟਲਾਂ ਦੇ ਵਿਚ ਨਾਚ ਤੱਕਦੇ
ਫੇਰ ਆ ਕੇ ਵੋਟਰਾਂ ਦੇ ਅੱਗੇ ਪਿੱਛੇ ਨੱਚਦੇ
ਤੈਨੂੰ ਕਾਹਦੀ ਸੰਗ ਫੇਰ ਤੈਨੂੰ ਕੀ ਹਯਾ,
ਨੱਚ ਮੇਰੇ...

ਨੱਚਣਾ ਸਿਖਾਵੇ ਪੇਟ ਨਾਚ ਦਾ ਉਸਤਾਦ ਹੈ
ਪੈਸੇ ਦੀ ਛਣਕਾਰ ਨਾਲੋਂ ਚੰਗਾ ਕਿਹੜਾ ਸਾਜ਼ ਹੈ
ਭੁੱਖੇ ਭੁੱਖੇ ਪੇਟ ਵਿਚ ਚੂਹੇ ਜਦੋਂ ਨੱਚਦੇ
ਨੱਚਦੇ ਨੇ ਪੈਰ ਜਿਵੇਂ ਅੱਗ ਉਤੇ ਮੱਚਦੇ
ਪੇਟ ਦੇਵੇ ਸਾਰਿਆਂ ਨੂੰ ਨੱਚਣਾ ਸਿਖਾ
ਨੱਚ...

(ਇਸ ਗੀਤ ਦੇ ਵਿਚ ਬੀਰੂ-ਮੁੰਨੀ ਇਕ ਦੂਜੇ ਵਲ ਦੇਖ ਕੇ ਮੁਸਕਰਾਉਂਦੇ ਹਨ ਫਿਰ ਮੁੰਨੀ ਦੌੜ ਕੇ ਤਮਾਸ਼ੇ ਵਾਲੀ ਥਾਂ ਚਲੀ ਜਾਂਦੀ ਹੈ, ਬੀਰੂ ਵੀ ਤਮਾਸ਼ਾ ਦੇਖਣ ਲਗਦਾ ਹੈ ਤੇ ਉਹ ਵੀ ਉਸ ਕੋਲ ਆ ਕੇ ਖਲੋ ਜਾਂਦਾ ਹੈ ਇਕ ਦਮ ਜਦੋਂ ਦੋਹਾਂ ਦੀ ਨਜ਼ਰ ਮਿਲਦੀ ਹੈ ਤਾਂ ਦੋਨੋਂ ਦੁਕਾਨ ਵਲ ਨੂੰ ਦੌੜਦੇ ਹਨ ਪਰ ਮੁੰਨੀ ਫਿਰ ਰਸਤੇ ਵਿਚੋਂ ਮੁੜ ਆਉਂਦੀ ਹੈ । ਇਕ ਦੋ ਆਦਮੀ ਦੁਕਾਨ ਦੇ ਅੰਦਰ ਝਾਤੀ ਮਾਰਦੇ ਹੋਏ ਲੰਘ ਜਾਂਦੇ ਹਨ ।)

**ਬੀਰੂ**—ਮੁੰਨੀ...ਮੁੰਨੀ

**ਮੁੰਨੀ**—ਕੀ ਹੈ ਭਾਅ ?

**ਬੀਰੂ**—ਚਲ ਆ ਦੁਕਾਨ ਤੇ ।

**ਮੁੰਨੀ**—ਭਾ ਤੂੰ ਕਿੱਥੇ ਚਲੀਐਂ ?

**ਬੀਰੂ**—ਕਿਤੇ ਨਹੀਂ ।

**ਮੁੰਨੀ**—ਭਾ ! ਫੇਰ ਤੂੰ ਹੈਗਾ ਤਾਂ ਹੈ ।

**ਬੀਰੂ**—ਮੁੰਨੀ ਜੇ ਤੂੰ ਬਹਿੰਦੀ ਹੈਂ ਨਾ ਤਾਂ ਗਾਹਕ ਆਉਂਦੇ ਨੇ ।

**ਮੁੰਨੀ**—ਅੱਛਾ ।

**ਬੀਰੂ**—ਚੱਲ ਕੀ ਪਿਆ ਇਹਨਾਂ ਤਮਾਸ਼ਿਆਂ 'ਚ ।

**ਮੁੰਨੀ**—ਆਹੋ !

(ਦੋਨੋਂ ਦੁਕਾਨ ਤੇ ਚਲੇ ਜਾਂਦੇ ਹਨ,) (ਗੀਤ ਜਾਰੀ ਰਹਿੰਦਾ ਹੈ)

**ਮਦਾਰੀ**—ਇਸ ਪਾਪੀ ਪੇਟ ਲਈ ਚਾਰ ਚਾਰ ਆਨੇ ਰੁਪਿਆ...ਦਿਓ ਮੇਰੇ ਭਰਾਵੋ, (ਉਗਰਾਉਂਦੇ ਹੋਏ ਚਲੇ ਜਾਂਦੇ ਹਨ, ਬੱਚੇ ਖੁਸ਼ ਹੋ ਕੇ ਵਾਪਿਸ ਜਾਂਦੇ ਹਨ ।)

(ਬੀਰੂ-ਮੁੰਨੀ ਦੋਨੋਂ ਚੁੱਪ ਕਰਕੇ ਬੈਠਦੇ ਹਨ ਵਿਚ ਵਿਚ ਕਿਤੇ ਮੁੰਨੀ ਉਂਘਣ ਲਗ ਜਾਂਦੀ ਹੈ)

**ਬਾਹਰੋਂ ਆਵਾਜ਼**—ਬੀਰੂ-ਮੁੰਨੀ । (ਤ੍ਰਭਕ ਕੇ)

**ਮੁੰਨੀ**—ਸੱਚੂ ਆ ਰਿਹਾ ਹੈ।

**ਸੱਚੂ**—ਬੀਰੂ-ਮੁੰਨੀ ਤੁਹਾਨੂੰ ਤੁਹਾਡੀ ਮਾਂ ਬੁਲਾ ਰਹੀ ਹੈ, ਜਾਓ ਰੋਟੀ ਖਾ ਆਓ ।

**ਬੀਰੂ**—ਜਾ ਮੁੰਨੀ ਤੂੰ ਪਹਿਲਾਂ ਰੋਟੀ ਖਾ ਆ ।

**ਮੁੰਨੀ**—ਨਹੀਂ ਭਾ ਪਹਿਲਾਂ ਤੂੰ ਖਾ ਆ ।

**ਬੀਰੂ**—ਨਹੀਂ ਮੁੰਨੀ ਤੂੰ ਖਾ ਆ ਤੇ ਮੇਰੇ ਲਈ ਨਾਲ ਲਈ ਆਈਂ

**ਮੁੰਨੀ**—ਅੱਛਾ (ਚਲੀ ਜਾਂਦੀ ਹੈ)

(ਸਕੂਲ ਦੇ ਬੱਚੇ ਛੁੱਟੀ ਛੁੱਟੀ ਕਰਦੇ ਆਉਂਦੇ ਹਨ) ਮੰਚ ਦੇ ਇਕ ਪਾਸੇ ਮੰਗਤੇ ਬੱਚੇ ਬੈਠੇ ਹਨ ।)

**ਵੱਡੇ ਬੱਚੇ 1+2**—(ਆਪਸ ਵਿਚ ਸਲਾਹ ਕਰਕੇ ਬਾਕੀ ਬੱਚਿਆਂ ਨੂੰ) ਆਓ ਆਓ ਤੁਹਾਨੂੰ ਇਕ ਤਮਾਸ਼ਾ ਦਿਖਾਵਾਂ ।

**ਬਾਕੀ ਬੱਚੇ**—ਕਿਹੜਾ ਤਮਾਸ਼ਾ ਬਈ ਕਿਹੜਾ ? (ਉਹ ਬੱਚੇ ਸਾਰੇ ਬੱਚਿਆਂ ਦੇ ਕੰਨ ਵਿਚ ਦਸਦੇ ਹਨ) ਬੱਚੇ ਖੁਸ਼ ਹੁੰਦੇ ਹਨ, ਹਸਦੇ ਹਨ।

**1+2**—ਨਾ ਨਾ ਪਹਿਲਾਂ ਨੀਂ ਹੱਸਣਾ, ਨਹੀਂ ਤਾਂ ਸਾਰਾ ਮਜ਼ਾ ਖਰਾਬ ਹੋ ਜਾਏਗਾ।

(ਹੌਲੀ ਹੌਲੀ ਮੰਗਤਿਆਂ ਕੋਲ ਜਾਂਦੇ ਹਨ)

ਰੋਟੀ ਖਾਉਗੇ ?

(ਮੰਗਤੇ ਬੱਚੇ ਪਿੱਛੇ ਹੱਟ ਜਾਂਦੇ ਹਨ)

ਆਹ ਦੇਖੋ ਸੱਚ ਮੁੱਚ ਦੀ ਰੋਟੀ (ਰੋਟੀ ਡੱਬੇ 'ਚੋਂ ਕੱਢ ਕੇ)

(ਮੰਗਤੇ ਰੋਟੀ ਲੈਣ ਲਈ ਝੱਪਟਦੇ ਹਨ ਪਰ ਬੱਚੇ ਰੋਟੀ ਉਹਨਾਂ ਦੇ ਫੜਨ ਤੋਂ ਪਹਿਲਾਂ ਉਤਾਂਹ ਕਰ ਲੈਂਦੇ ਹਨ ਤੇ ਇਸ ਤਰ੍ਹਾਂ ਬੱਚਿਆਂ ਦੀ ਭਕਾਈ ਕਰਵਾਉਂਦ ਹਨ )

**ਬੀਰੂ**—(ਦੁਕਾਨ ਤੋਂ ਇਕ ਦਮ ਗੁੱਸੇ ਵਿਚ ਉੱਠਦਾ ਹੈ ਤੇ ਜਾ ਕੇ ਬੱਚਿਆਂ ਨੂੰ ਰੋਕਣ ਲਗਦਾ ਹੈ ਪਰ ਇਕ ਦਮ ਆਪ ਰੁਕ ਜਾਂਦਾ ਹੈ ਤੇ ਫਿਰ ਆਪਣੇ ਆਪ ਨਾਲ)

ਨਹੀਂ ਜੇ ਮੈਂ ਇਹਨਾਂ ਨੂੰ ਰੋਕਿਆ ਤਾਂ ਕੋਈ ਵੀ ਬੱਚਾ ਸਾਡੀ ਦੁਕਾਨ ਤੇ ਨਹੀਂ ਆਏਗਾ।

(ਝੂਠਾ ਝੂਠਾ ਹੱਸਦਾ ਹੋਇਆ ਆਪ ਵੀ ਜਾਕੇ ਬੱਚਿਆਂ ਵਿਚ ਰਲ ਜਾਂਦਾ ਹੈ ਤੇ ਫਿਰ ਵਾਪਿਸ ਜਾਂਦੇ ਬੱਚਿਆਂ ਨੂੰ ਆਪਣੀ ਦੁਕਾਨ ਵਲ ਇਸ਼ਾਰਾ ਕਰ ਕੇ ਦਸਦਾ ਹੈ )

(ਬੱਚੇ ਚਲੇ ਜਾਂਦੇ ਹਨ) ਬੀਰੂ ਉਦਾਸ ਹੋ ਕੇ ਬੈਠ ਜਾਂਦਾ ਹੈ ਆਪਣੇ ਗੋਡਿਆਂ ਵਿਚ ਸਿਰ ਦੇ ਕੇ)

(ਮੁੰਨੀ ਆਉਂਦੀ ਹੈ)

**ਮੁੰਨੀ**—ਭਾ ! ਕੁਝ ਵਿਕਿਆ ? (ਬੀਰੂ ਚੁੱਪ ਹੈ)

(ਮੁੰਨੀ ਬੀਰੂ ਵਲ ਦੇਖਦੀ ਹੈ ਬੀਰੂ ਮੰਗਤਿਆਂ ਵਲ ਦੇਖ ਰਿਹਾ ਹੁੰਦਾ ਹੈ।)

**ਮੁੰਨੀ**—ਭਾ ਕੀ ਹੋਇਆ ? (ਚੁੱਪ)

**ਮੁੰਨੀ**—(ਮੰਗਤਿਆਂ ਵਲ ਦੇਖ ਕੇ) ਭਾ ! ਇਹਨਾਂ ਮੰਗਤਿਆਂ ਨੇ ਕੁਝ ਖੋਹਿਆ ਤਾਂ ਨਹੀਂ ?

**ਬੀਰੂ** ਹੂੰ ਇਹਨਾਂ ਬਚਿਆਂ ਵਿਚ ਐਨੀ ਹਿੰਮਤ ਕਿਥੇ। ਜੇ ਮੁੰਨੀ ਇਹਨਾਂ ਵਿਚ ਹਿੰਮਤ ਹੁੰਦੀ ਤਾਂ...ਕੁਝ ਨਹੀਂ ਮੁੰਨੀ ਕੁਝ ਨਹੀਂ। (ਬੈਠ ਜਾਂਦਾ ਹੈ)

**ਮੁੰਨੀ**—ਲੈ ਭਾ ਰੋਟੀ ਖਾ ਲੈ।

**ਬੀਰੂ**—(ਰੋਟੀ ਫੜ ਕੇ) ਜਾ ਮੁੰਨੀ ਤੂੰ ਜ਼ਰਾ ਪਾਣੀ ਲੈ ਆ। (ਮੁੰਨੀ ਚਲੀ ਜਾਂਦੀ ਹੈ)

ਬੀਰੂ ਰੋਟੀ ਲੈ ਕੇ ਮੰਗਤਿਆਂ ਕੋਲ ਜਾਂਦਾ ਹੈ।

**ਬੀਰੂ**—ਲਓ ਬੱਚਿਓ, ਭੁੱਖ ਲਗੀ ਹੈ ਨਾ, ਇਹ ਲਓ ਰੋਟੀ ਖਾਓ ਬੱਚਿਓ, ਖਾਓ, (ਦੇ ਕੇ ਮੁੜਦਾ ਹੈ) ਬੇਚਾਰੇ !

(ਮੁੰਨੀ ਆਉਂਦੀ ਹੈ)

**ਮੁੰਨੀ**—ਭਾ, ਹੁਣ ਤੂੰ ਕੀ ਖਾਏਂਗਾ ?

**ਬੀਰੂ**—ਕੁਝ ਨਹੀਂ ਹੁੰਦਾ ਮੁੰਨੀ, ਜੇ ਮੈਂ ਇਕ ਦਿਨ ਨਾ ਖਾਧੀ ਤਾਂ ਕੋਈ ਨਹੀਂ ਤੂੰ ਮਾਂ ਨੂੰ ਨਾ ਦਸੀਂ।

**ਮੁੰਨੀ**—ਮੈਂ ਤਾਂ ਦਸਾਂਗੀ।

**ਬੀਰੂ**—ਨਹੀਂ ਮੁੰਨੀ ਨਹੀਂ, ਤੈਨੂੰ ਨਹੀਂ ਪਤਾ ਅੱਜ ਇਹਨਾਂ ਬੇਚਾਰਿਆਂ ਨਾਲ ਕੀ ਹੋਇਆ।

(ਬੀਰੂ ਬਹੁਤ ਚੁੱਪ ਹੋ ਜਾਂਦਾ ਹੈ)

**ਮੁੰਨੀ**—ਅੱਛਾ ਭਾਅ ਮੈਂ ਮਾਂ ਨੂੰ ਨਹੀਂ ਦਸਾਂਗੀ।

ਬੀਰੂ ਤੇ ਮੁੰਨੀ ਚੁਪ ਕਰ ਕੇ ਬੈਠ ਜਾਂਦੇ ਹਨ। ਬੀਰੂ ਦੇ ਉਤੇ ਉਸ ਘਟਨਾ ਦਾ ਪ੍ਰਭਾਵ ਹੈ, ਮੁੰਨੀ ਉਂਘਣ ਲਗਦੀ ਹੈ)

(ਤਿੰਨ ਚਾਰ ਕਲਰਕ ਗਲਾਂ ਕਰਦੇ ਹੋਏ ਆਉਂਦੇ ਨੇ)

**ਕਲਰਕ 1**—ਯਾਰ ਸਾਨੂੰ ਕਲਰਕਾਂ ਨੂੰ ਤਾਂ ਕੋਈ ਕੁਝ ਸਮਝਦਾ ਹੀ ਨਹੀਂ।

**3**—ਜੇ ਅਫਸਰ ਖੁਦ ਖੋਤਾ ਹੋਊ ਤਾਂ ਬਾਕੀਆਂ ਨੂੰ ਕਿਤੇ ਬੰਦੇ ਰਹਿਣ ਦਊ।

**4**—(ਸਾਰੇ ਹੱਸਦੇ ਹਨ) ਮੰਗਤੇ ਬੱਚੇ ਮੰਗਣ ਲਈ ਆਉਂਦੇ ਹਨ।

**2+3**—ਚਲੋ ਚਲੋ ਦਫਾ ਹੋ ਜਾਓ।

**ਮਾਂ**—ਸਾਹਬ ਦਸ ਪੈਸੇ।

**ਕਲਰਕ 4**—ਕਿਉਂ ਕੰਮ ਨਹੀਂ ਕੀਤਾ ਜਾਂਦਾ, ਮੰਗਣ ਤੁਰ ਪੈਂਦੇ ਹੋ ?

**1+4**- ਚਲ...ਚਲ।

**4**—ਆਪ ਤਾਂ ਸਾਅਬ ਸਵੇਰੇ ਸਵੇਰੇ ਬੀਵੀ ਨਾਲ ਲੜ ਕੇ ਆ ਬੈਠਦਾ ਹੈ।

**3**—ਤੇ ਕੁਰਸੀ ਨਾਲ ਐਸਾ ਚਿਪਕਦਾ ਹੈ ਕਿ ਉੱਠਣ ਦਾ ਨਾਮ ਨਹੀਂ ਲੈਂਦਾ। (ਹਾਂ...ਹਾਂ...ਹਾਂ ਹੱਸਦੇ ਹਨ )

(ਦੋ ਮੋਚੀ ਬੱਚਿਆਂ ਦਾ ਪ੍ਰਵੇਸ਼)

**ਮੋਚੀ 1**—ਪਾਲਿਸ਼

**2**—ਬੂਟ ਪਾਲਿਸ਼

**1**—ਕਰੀਮ ਪਾਲਿਸ਼

**1**—ਬੜੀ ਵਧੀਆ ਪਾਲਿਸ

(ਕਲਰਕਾਂ ਕੋਲ ਜਾ ਕੇ)

**1**—ਬਾਬੂ ਜੀ ਬੂਟ ਪਾਲਿਸ਼ ਕਰਵਾ ਲਓ

**2**- ਬਾਬੂ ਜੀ ਬੜੀ ਵਧੀਆ ਪਾਲਿਸ਼ ਹੈ ਮੂੰਹ ਦਿਖਣ ਲਗ ਪਊ

**ਕਲਰਕ 1+2+3**—ਚਲ ਚਲ ਪਿਛ ਹਟ

**ਮੋਚੀ**—ਬਾਬੂ ਜੀ ਫੇਰ ਇਕ ਚਵੱਨੀ ਹੀ ਦੇ ਦਿਓ।

**ਸਾਰੇ**—ਕਿਉਂ ਓਏ, ਇਹ ਕੋਈ ਮੰਗਣ ਦਾ ਨਵਾਂ ਢੰਗ ਹੈ ?

**ਮੋਚੀ**—ਬਾਬੂ ਜੀ ਭੁੱਖ ਲਗੀ ਹੈ, ਕੀ ਕਰੀਏ ?

**2**—ਬਾਬੂ ਜੀ ਕੰਮ ਕਰਦੇ ਹਾਂ ਪਰ ਤਾਂ ਵੀ ਰੋਟੀ ਨਹੀਂ ਮਿਲਦੀ।

**ਦੋਨੋਂ**—ਬਾਬੂ ਜੀ ਫੇਰ ਬੂਟ ਪਾਲਿਸ਼ ਹੀ ਕਰਵਾ ਲਓ।

**3+4**—ਕਿਉਂ ਓਏ ਕੋਈ ਜ਼ਬਰਦਸਤੀ ਹੈ ?

**ਮੋਚੀ 1**—ਫੇਰ ਚਵੱਨੀ ਹੀ ਦੇ ਦਿਓ।

**1+2**—ਕਿਉਂ ਓਏ ਤੇਰੇ ਬਾਪ ਦਾ ਕੋਈ ਕਰਜ਼ਾ ਦੇਣਾ ਚਲੋ ਚਲੋ-ਦਫਾ ਹੋ ਜਾਓ (ਕਹਿੰਦੇ ਆਪ ਵੀ ਚਲੇ ਜਾਂਦੇ ਹਨ।)

(ਮੋਚੀ ਮੰਚ ਦੇ ਅੱਗੇ ਆ ਕੇ)

**ਦੋਨੋਂ**—(ਆਪਸ ਵਿਚ)

ਨਾ ਕੰਮ ਮਿਲਦਾ, ਨਾ ਰੋਟੀ ਮਿਲਦੀ ਹੈ ਕਰੀਏ ਕੀ ?
(ਸੁਸਤ ਕਦਮੀਂ ਜਾਂਦੇ ਹੋਏ)
**ਮੋਚੀ 1**—ਪਾਲਿਸ
**2**—ਬੂਟ ਪਾਲਿਸ਼ (ਚਲੇ ਜਾਂਦੇ ਹਨ)
(ਸਮੂਹ ਗਾਇਕ-ਮੰਡਲੀ ਦਾ ਪ੍ਰਵੇਸ਼)
ਕੰਮ ਦਿਓ ਜਾਂ ਭਿਖਿਆ ਦੇਵੋਂ ।
ਨਾ ਕਿ ਫੋਕੀ ਸਿਖਿਆ ਦੇਵੋ ।

ਭਿਖਿਆ ਮੰਗੋ ਸਿਖਿਆ ਦਿੰਦੇ ।
ਸਿਖਿਆ ਦੇ ਵਿਚ ਏਹੋ ਕਹਿੰਦੇ ।
ਕੰਮ ਕਰੋ, ਕੁਝ ਕਰਕੇ ਖਾਵੋ ।
ਕੰਮ ਦੇ ਬਾਝੋਂ ਕਾਹਦੇ ਪੈਸੇ ।
ਕੰਮ ਮੰਗੋ ਤਾਂ ਕੰਮ ਨਾ ਦਿੰਦੇ ।
ਇਹ ਦੁਨੀਆਂ ਦੇ ਲੋਕ ਨੇ ਕੈਸੇ ?

ਐ ਦੁਨੀਆਂ ਦੇ ਲੋਕੋ ਸੋਚੋ ।
ਸੋਚ ਸਮਝ ਕੇ ਸਿਖਿਆ ਦੇਵੋ
ਕੰਮ ਦਿਓ.........
ਫਿਰ ਉਹ ਕੁਝ ਪਲ ਸੋਚ ਕੇ ਕਹਿੰਦੇ
ਲੇਕਿਨ, ਪਰੰਤੂ, ਐਸੇ ਵੈਸੇ
ਦੁਨੀਆਂ ਦੀ ਅਬਾਦੀ ਵਧ ਗਈ ।
ਸਭ ਨੂੰ ਕੰਮ ਦੇਈਏ ਤਾਂ ਕੈਸੇ ।

ਹੇਠਾਂ ਧਰਤੀ ਉਤੇ ਅੰਬਰ
ਕੰਮ ਬਹੁਤ ਨੇ ਦੁਨੀਆਂ ਅੰਦਰ ।
ਕੁਦਰਤ ਦੇ ਅਣਮੁਕ ਖਜ਼ਾਨੇ ।
ਧਰਤੀ ਸਾਗਰ ਪਰਬਤ ਜੰਗਲ
ਲੋੜ ਹੈ ਦੌਲਤ ਵਰਤੀ ਜਾਵੇ
ਸਹੀ ਜਗ੍ਹਾ ਤੇ ਖਰਚੀ ਜਾਵੇ ।
ਨਾ ਇਹ ਐਵੇਂ ਜੋੜੀ ਜਾਵੇ ।
ਨਾ ਇਹ ਐਵੇਂ ਰੋੜ੍ਹੀ ਜਾਵੇ ।

ਇਹਨਾਂ ਹੱਥਾਂ ਦੀ ਬਰਕਤ ਨੂੰ ।
ਮਾਣ ਦਿਓ ਲੱਜਿਆ ਨਾ ਦੇਵੋਂ ।
ਕੰਮ ਦਿਓ ਜਾਂ ਭਿੱਖਿਆ ਦੇਵੋ...

**ਬੀਰੂ**—(ਮੁੰਨੀ ਨੂੰ ਜਗਾ ਕੇ) ਮੁੰਨੀ ਮੁੰਨੀ, ਜਾ ਮੁੰਨੀ ਜ਼ਰਾ ਨਲਕੇ ਤੇ ਮੂੰਹ ਹੱਥ ਧੋ ਆ, ਗਾਹਕੀ ਦਾ ਟੈਮ ਹੋਣ ਵਾਲਾ ਹੈ ।

(ਮੁੰਨੀ ਜਾਂਦੀ ਹੈ)

**ਬਾਹਰੋਂ ਅਵਾਜ਼**—ਬੀਰਿਆ (ਮਾਂ ਦਾ ਪ੍ਰਵੇਸ਼) ਬੀਰਿਆ।

**ਬੀਰੂ**—ਹਾਂ ਮਾਂ ।

**ਮਾਂ** ਮੁੰਨੀ ਕਿਥੇ ਹੈ ?

**ਬੀਰੂ**—ਮਾਂ ਉਹ...ਉਹ ਆ ਰਹੀ ।

**ਮੁੰਨੀ**—ਹਾਂ ਮਾਂ ।

**ਮਾਂ**- ਲੈ ਪੁੱਤ ਇਹਨਾਂ ਨੂੰ ਥੋੜੀ ਦੇਰ ਸੰਭਾਲਿਓ, ਮੈਂ ਜ਼ਰਾ ਦੋ ਘਰਾਂ ਦਾ ਕੰਮ ਕਰ ਆਵਾਂ ।

**ਬੀਰੂ**—ਪਰ ਮਾਂ......

**ਮੁੰਨੀ**—ਹਾਂ ਮਾਂ ਹੁਣ ਤਾਂ ਗਾਹਕੀ ਦਾ ਟੈਮ ਹੋਣ ਵਾਲਾ ਹੈ ।

**ਮਾਂ**—ਕੋਈ ਨਾ ਪੁਤ ਕੋਈ ਨਾ, ਜੇ ਮੈਂ ਇਹਨਾਂ ਨੂੰ ਨਾਲ ਲੈ ਗਈ ਤਾਂ ਸਰਦਾਰਾਂ ਦੇ ਬੱਚਿਆਂ ਨੇ ਇਹਨਾਂ ਨੂੰ ਨੋਚ ਨੋਚ ਕੇ ਮਾਰ ਸੁਟਣੈ ।

**ਦੋਨੋਂ**—ਕਿਉਂ ਮਾਂ ?

**ਮਾਂ**—ਹਾਂ ਨਾਲੇ ਮੈਨੂੰ ਕੰਮ ਤੋਂ ਜੁਆਬ ਦੇ ਦੇਣਗੇ, ਅੱਛਾ, ਮੈਂ ਜਾਨੀਆਂ, ਤੁਸੀਂ ਇਹਨਾਂ ਦਾ ਧਿਆਨ ਰਖਿਓ ।

(ਮਾਂ ਜਾਂਦੀ ਹੈ)

**ਮੁੰਨੀ**—ਨਿੱਕਿਓ ਇਥੇ ਬੈਠ ਜਾਓ

**ਮੁੰਨੀ**—ਭਾ ! ਅੱਜ ਜਦੋਂ ਤੂੰ ਮੰਦਿਰ ਪੰਜ ਪੈਸੇ ਚੜ੍ਹਾ ਕੇ ਆਇਆ ਸੀ ਨਾ ਕਿ ਬਹੁਤੀ ਵੱਟਕ ਹੋਵੇ ।

**ਬੀਰੂ**—ਸਵਾਹ ਵੱਟਕ ਹੋਈ ਹੈ, ਕਹਿੰਦੇ ਨੇ ਰੱਬ ਸਭ ਦੀ ਸੁਣਦੈ, ਬੋਲਾ ਹੈ ਸਾਲਾ...।

**ਮੁੰਨੀ**—(ਮੂੰਹ ਤੇ ਹੱਥ ਰਖਕੇ) ਰੱਬ ਨੂੰ ਗਾਲ੍ਹ ਨਹੀਂ ਕਢੀਦੀ ।

**ਬੀਰੂ**—ਤੇ ਉਹ ਭਾਵੇਂ ਸਾਡੀ ਜਾਨ ਕੱਢ ਲਏ, ਮੈਂ ਤਾਂ ਕਢੂੰਗਾ...।

**ਮੁੰਨੀ**—ਭਾ ! ਜੇ ਅੱਜ ਸਾਰਾ ਸੌਦਾ ਵਿਕ ਜਾਂਦਾ ਤਾਂ ਆਪਾਂ ਆਲੂਆਂ ਦੀ ਸਬਜ਼ੀ ਬਣਾਉਂਦੇ ।

**ਬੀਰੂ**—ਤੈਨੂੰ ਆਲੂਆਂ ਦੀ ਸਬਜ਼ੀ ਦੀ ਪਈ ਹੈ, ਇਥੇ ਰਾਤੀਂ ਆਟਾ ਕਿਥੋਂ ਆਊ ?

(ਰੁੱਕ ਕੇ) ਗੁਸੇ ਨਾਲ ।

ਮੁੰਨੀ ਹੁਣ ਪੰਜ ਦਿਨ ਮੰਦਿਰ ਵਿਚ ਕੋਈ ਪੈਸਾ ਨਹੀਂ ਚੜ੍ਹਾਉਣਾ ।

**ਮੁੰਨੀ**—ਕਿਉਂ ਭਾ ?

**ਬੀਰੂ** ਵੱਡਾ ਆਇਆ ਰੱਬ ਸਭਬ । ਨਾਲੇ ਪੰਜ ਪੈਸੇ ਵੀ ਲੈ ਲਏ ਤੇ ਵੱਟਕ ਅੱਗੇ ਤੋਂ ਵੀ ਘੱਟ ਕਰਾਈ, ਇਹ ਕੋਈ ਗਲ ਹੋਈ !

**ਮੁੰਨੀ**—ਭਾ ! ਇਹ ਕੈਲੰਡਰ ਵਾਲੇ ਬੱਚੇ ਹਮੇਸ਼ਾਂ ਹੱਸਦੇ ਕਿਉਂ ਰਹਿੰਦੇ ਨੇ ਅਸੀਂ ਰੋਨੇ ਆਂ ਤੇ ਇਹ ਤਾਂ ਵੀ ਹੱਸਦੇ ਰਹਿੰਦੇ ਨੇ ! ਭਾ ਦੱਸ ਵੀ

**ਬੀਰੂ** ਮੁੰਨੀ ਤੂੰ ਵੀ ਸ਼ੁਦੈਣ ਹੈ ਇਹ ਤਾਂ ਕਾਗਜ਼ ਦੇ ਨੇ ਨਾਲੇ ਵੱਡੇ ਘਰਾਂ ਦੇ, ਅਸੀਂ ਕੀ ਲੈਣਾ ਦੇਣਾ ।

(ਫੋਟੋ ਗ੍ਰਾਫਰ ਲੰਘਦਾ ਹੈ)

**ਮੁੰਨੀ** (ਦੌੜ ਕੇ ਭਾਈ ਦੀ ਬਾਂਹ ਫੜ੍ਹਕੇ)
ਭਾਈ ! ਭਾਈ !! ਸਾਡੀ ਇਕ ਚਾਰਾਂ ਦੀ ਫੋਟੋ ਖਿੱਚ ਦੇ, ਫੇਰ ਅਸੀਂ ਆਪਣੀ ਵੱਡੀ ਸਾਰੀ ਫੋਟੋ ਇਥੇ ਲਾਵਾਂਗੇ ।

**ਬੀਰੂ**—(ਖੁਸ਼ ਹੋ ਕੇ) ਤਾਂ ਫਿਰ ਸਾਨੂੰ ਇਹਨਾਂ ਕੋਲੋਂ ਸ਼ਰਮ ਨਹੀਂ ਆਏਗੀ ।

**ਫੋਟੋਗ੍ਰਾਫਰ**—ਪੰਜ ਰੁਪਏ ਲਗਣਗੇ, ਪੈਸੇ ਹੈਗੇ ਨੇ ?
(ਬੀਰੂ ਬੈਠ ਜਾਂਦਾ ਹ)

**ਮੁੰਨੀ**—(ਚੁੱਪ ਹੋ ਕੇ—) ਪੈਸੇ...ਪੈਸੇ...ਨਾ, ਜੇ ਸਾਡੇ ਕੋਲ ਪੈਸੇ ਹੁੰਦੇ ਤਾਂ ਪਹਿਲਾਂ ਆਲੂਆਂ ਦੀ ਸਬਜ਼ੀ ਨਾ ਬਣਾ ਲੈਂਦੇ—

**ਫੋਟੋਗ੍ਰਾਫਰ**—ਪੈਸੇ ਹੈਗੇ ਨਹੀਂ, ਕਹਿੰਦੇ ਫੋਟੋ ਖਿੱਚ ਦੇ ਹੂੰ ।

(ਚਲਾ ਜਾਂਦਾ ਹੈ )
(ਦੋਨੋਂ ਉਦਾਸ ਜਿਹੇ ਫਿਰ ਬੈਠ ਜਾਂਦੇ ਹਨ)
(ਵਿਗਿਆਪਨ ਵਾਲੇ ਦਾ ਪ੍ਰਵੇਸ਼)

**ਵਿਗਿਆਪਨ ਵਾਲਾ**—ਖ਼ੁਸ਼ਖਬਰੀ। ਖ਼ੁਸ਼ਖਬਰੀ !! ਖ਼ੁਸ਼ਖਬਰੀ ਤੁਹਾਡੇ ਸ਼ਹਿਰ 'ਚ ਸਾੜ੍ਹੀਆਂ ਦੀ ਸੇਲ ਲਗ ਗਈ।

(ਚਾਰੇ ਪਾਸਿਓਂ ਸਜੀਆਂ ਫੱਬੀਆਂ ਔਰਤਾਂ ਦੌੜੀਆਂ ਆਉਂਦੀਆਂ ਹਨ। ਮੁੰਨੀ ਲੰਘਦੇ ਜਾਂਦਿਆਂ ਦਾ ਧਿਆਨ ਆਪਣੇ ਵਲ ਖਿੱਚਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ)—"ਬੀਬੀ ਜੀ ਕੁਝ ਚਾਹੀਦੈ, ਬਾਬੂ ਜੀ ਕੁਝ ਚਾਹੀਦੈ...।

ਸੇਲ ਲਗ ਗਈ ਸੇਲ—ਸੇਲ—ਸੇਲ—ਸੇਲ

**ਔਰਤਾਂ**—ਵੇ ਕਾਕੇ ਕਿਥੇ ਲਗੀ ਹੈ ਸਾੜ੍ਹੀਆਂ ਦੀ ਸੇਲ ?
—(ਔਰਤਾਂ ਨੂੰ ਇਸ਼ਤਿਹਾਰ ਜਿਹੇ ਦਿੰਦਾ ਹੈ)

**ਵਿਗਿਆਪਨ ਵਾਲਾ**—ਸੇਲ ਲਗ ਗਈ ਸੇਲ...

**ਔਰਤਾਂ**—ਵੇ ਕਾਕੇ ਦਸ ਵੀ ਕਿਥੇ ਲਗੀ ਹੈ ਸੇਲ ?

**ਵਿਗਿਆਪਨ ਵਾਲਾ**—ਦੱਸਦਾਂ ਬੀਬੀ ਦਸਦਾਂ (ਗਾ ਕੇ) ਅਨਾਰਕਲੀ—ਅਨਾਰਕਲੀ ਸਾੜ੍ਹੀ ਸੈਂਟਰ ਏ ਚੌੜਾ ਬਜ਼ਾਰ ਮੇਂ ਪਿੰਡੀ ਗਲੀ, ਅਨਾਰਕਲੀ।

**ਔਰਤਾਂ**—ਪਿੰਡੀ ਗਲੀ, ਪਿੰਡੀ ਗਲੀ (ਚਲੀਆਂ ਜਾਂਦੀਆਂ ਹਨ।)

ਇਕ ਦੋ ਪੁਰਸ਼-ਔਰਤਾਂ ਲੰਘਦੇ ਹਨ, ਮੁੰਨੀ ਸਭ ਨੂੰ ਆਪਣੀ ਦੁਕਾਨ ਵਲ ਬੁਲਾਉਂਦੀ ਹੈ।

(ਬਾਹਰੋਂ ਆਵਾਜ਼)

ਫੜ ਲਉ, ਫੜ ਲਉ ਭੱਜਣ ਨਾ ਦੇਣਾ, ਫੜ ਲਉ, ਫੜ ਲਉ।

(ਇਕ ਬੱਚਾ ਦੌੜਿਆਂ ਇਧਰ ਉਧਰ ਆਉਂਦਾ ਹੈ, ਮਗਰੇ ਮਗਰ ਲੋਕ)

**ਲੋਕ**—ਜੰਮਿਆ ਅਜੇ ਹੈ ਨਹੀਂ ਜੇਬਾਂ ਕਤਰਨੀਆਂ ਸ਼ੁਰੂ ਕਰ ਦਿਤੀਆਂ।

**2**—ਸ਼ਕਲ ਤਾਂ ਦੇਖੋ ਦਾਦਾ ਬਣੀ ਫਿਰਦੇ।

(ਮਾਰਦੇ ਹਨ)।

**3**—ਸਾਲੇ ਨੂੰ ਕਰੋ ਹਵਾਲਾਤ 'ਚ ਬੰਦ।

**4+5**—ਹਵਾਲਾਤ 'ਚ ਤਾਂ ਬਾਅਦ 'ਚ ਬੰਦ ਕਰਾਂਗੇ ਪਹਿਲਾਂ ਜ਼ਰਾ ਮੇਰੀਆਂ ਲੱਤਾਂ ਦੀ ਹਵਾ ਤਾਂ ਚੱਖ ਲੈਣ ਦਿਓ।

(ਫੇਰ ਕੁੱਟਦੇ ਹਨ)

(ਮੰਗਤੀ ਕਾਲੀ ਮਾਤਾ ਦੇ ਰੂਪ ਵਿਚ ਘਾਬਰੀ ਹੋਈ ਇਧਰੋਂ ਉਧਰ ਦੌੜ ਕੇ ਲੰਘ ਜਾਂਦੀ ਹੈ)

ਮਾਰੋ ਸਾਲੇ ਨੂੰ।

**1**—ਪੁਲਿਸ...ਪੁਲਿਸ...

(ਦੋ ਸਿਪਾਹੀ ਮਸਤ-ਚਾਲ ਨਾਲ ਆਉਂਦੇ ਹਨ ਬਾਕੀ ਸਾਰੇ ਲੋਕ, ਚੁੱਪ ਕਰਕੇ ਖੜ੍ਹੇ ਹੋ ਜਾਂਦੇ ਹਨ।)

**ਦੋਨੋਂ ਸਿਪਾਹੀ**—ਕੌਣ ਹੈ ਸਾਲਾ ਦੰਗਾ ਮਚਾ ਰਿਹਾ ?

**ਲੋਕ**—ਸਾਹਬ ! ਜੇਬਕਤਰਾ, ਜੇਬਕਤਰ।

**ਸਿਪਾਹੀ**—ਕਿੱਥੇ ਹੈ ?

**ਲੋਕ**—ਸਾਹਬ, ਇਧਰ ਸਾਹਬ ਇਧਰ।

(ਸਿਪਾਹੀ ਆ ਕੇ ਜੇਬਕਤਰੇ ਨੂੰ ਫੜਦੇ ਹਨ।)

**ਸਿਪਾਹੀ** ਚਲੋ ਸਾਲੇ ਥਾਣੇ, ਤੇਰੀਆਂ ਜੇਬਾਂ ਅਸੀਂ ਕਤਰੀਏ।

(ਚਲੇ ਜਾਂਦੇ ਹਨ)

**ਲੋਕ 1+2**—ਹਨੇਰ ਸਾਂਈ ਦਾ ਨਿੱਕੇ ਨਿੱਕੇ ਬਾਲਾਂ ਨੂੰ ਵੀ ਖੰਭ ਲਗ ਗਏ ਨੇ।

**3**—ਪਤਾ ਨਹੀਂ ਇਹਨਾਂ ਦੇ ਹਥਾਂ ਵਿਚ ਐਨੀ ਸਫ਼ਾਈ ਕਿਥੋਂ ਆ ਜਾਂਦੀ ਹੈ।

**4**—ਜੰਮਦਿਆਂ ਨੂੰ ਹੀ ਟਰੇਨਿੰਗ ਦਿਤੀ ਜਾਂਦੀ ਹੈ।

**5**—ਓ ਜੰਮਦਿਆਂ ਨੂੰ ਗੁੜ੍ਹਤੀ ਦਿਤੀ ਜਾਂਦੀ ਹੈ।

(ਗਲਾਂ ਕਰਦੇ ਚਲੇ ਜਾਂਦੇ ਹਨ
ਦੋ ਤਿੰਨ ਜਣੇ ਪਿੱਛੇ ਰਹਿ ਜਾਂਦੇ ਨੇ।)

**1+2**—ਕਮਾਲ ਹੈ ਹਾਲੇ ਤਕ ਚੰਪਾ ਰਾਣੀ ਹੀ ਨਹੀਂ ਆਈ।

(ਮੁੰਨੀ ਆਪਣੀ ਦੁਕਾਨ ਚੋਂ ਉੱਠ ਕੇ ਸੜਕ ਤੇ ਆ ਕੇ ਹਰ ਆਉਂਦੇ ਜਾਂਦੇ ਨੂੰ ਪੁੱਛਦੀ ਹੈ)

ਬਾਬੂ ਜੀ ਕੀ ਚਾਹੀਦਾ, ਬੀਬੀ ਜੀ ਕੀ ਲੈਣਾ।

**2**—(ਆਪਣੇ ਨਾਲ ਦਿਆਂ ਨੂੰ) ਯਾਰ ਸਿਗਰਟ ਲੈਣੀ ਸੀ।

**1+3** ਹੋਰ ਵੇਖ ਲੈਨੇ ਆਂ ਦੋ ਘੜੀ

**ਮੁੰਨੀ**—ਬਾਬੂ ਜੀ ਸਿਗਰਟ ਸਾਡੀ ਦੁਕਾਨ ਤੇ ਵੀ ਹੈ

**1+2+3**—(ਹੱਸਦੇ ਹਨ) ਤੂੰ, ਉਹ ਲਵਾਂਗੇ ਲਵਾਂਗੇ ਥੋੜੀ ਦੇਰ ਠਹਿਰ ਕੇ।

(ਟਹਿਲਦੇ ਹੋਏ ਚਲੇ-ਜਾਂਦੇ ਹਨ, ਦੁਕਾਨ ਖੁਲ੍ਹਦੀ ਹੈ। ਲੋਕ ਆਉਂਦੇ ਹਨ)

(ਗਾਹਕ ਔਰਤ ਤੇ ਬੱਚੇ ਦਾ ਪ੍ਰਵੇਸ਼)

**ਬੱਚਾ**—ਮੈਂ ਨਹੀਂ, ਮੈਂ ਨਹੀਂ, ਮੈਂ ਬਿਸਕੁਟ ਲੈਣੇ ਨੇ।
ਕੀ ਚਿੜ, ਚਿੜ ਲਾ ਰਖੀ ਹੈ।

**ਔਰਤ**—ਲੈ ਦੇਨੀ ਆਂ, ਕੀ ਸਿਰ ਖਾਦਿਆ ਹੋਇਆ ਈ।

(ਬੀਰੂ-ਮੁੰਨੀ ਦੁਕਾਨ ਤੇ ਜਾਂਦੀ ਹੈ)

**ਔਰਤ**—ਕਾਕੇ ਚਾਰ ਆਨੇ ਦੇ ਬਿਸਕੁਟ ਦਈਂ।

(ਬੀਰੂ ਬਿਸਕੁਟ ਦਿੰਦਾ ਹੈ ਤੇ ਔਰਤ ਰੁਪਿਆ ਫੜਾਉਂਦੀ ਹੈ)

**ਔਰਤ**—ਲੈ ਤੇ ਬਾਕੀ ਪੈਸੇ ਛੇਤੀ ਵਾਪਸ ਕਰ ਦੇ।

**ਬੀਰੂ**—ਜਾਈਂ ਮੁੰਨੀ ਜ਼ਰਾ ਨੋਟ ਤੁੜਵਾ ਲਿਆ।

(ਔਰਤ ਬਿਸਕੁਟਾਂ ਦਾ ਲਿਫ਼ਾਫ਼ਾ ਵਾਪਿਸ ਕਰਕੇ।)

**ਔਰਤ**—ਰਹਿਣ ਦੇ, ਰਹਿਣ ਦੇ ਅਸੀਂ ਅੱਗੋਂ ਲੈ ਲਵਾਂਗੇ।

**ਬੱਚਾ**—ਊਂ, ਊਂ

**ਔਰਤ**—ਕਿਉਂ ਰੋਨਾਂ ਏ, ਅੱਗੋਂ ਲੈ ਮਰ ਦਿੰਦੀ ਹਾਂ।

(ਚਲੀ ਜਾਂਦੀ ਹੈ, ਬੀਰੂ ਮੁੰਨੀ ਇਕ ਦੂਜੇ ਵਲ ਦੁੱਖ ਨਾਲ ਦੇਖਦੇ ਹਨ )

(ਦਾਦੇ, ਤੇ ਹੋਰ ਲੋਕ ਆਉਂਦੇ ਹਨ)

**1**—ਆ ਯਾਰ ਚੰਪਾ ਰਾਣੀ ਨੂੰ ਮਿਲ ਆਈਏ ਜ਼ਰਾ।

2—ਹਾਂ ਯਾਰ ਕਿੰਨੇ ਹੀ ਦਿਨ ਹੋ ਗਏ ਨੇ ਆਪਾਂ ਚੰਪਾ ਰਾਣੀ ਨੂੰ ਮਿਲ ਕੇ ਹੀ ਨਹੀਂ ਆਏ।

3—ਯਾਰ ਨਜ਼ਾਰਾ ਹੀ ਆ ਜਾਂਦੈ, ਚੰਪਾ ਰਾਣੀ ਨੂੰ ਮਿਲਕੇ।

4—ਸਿਗਰਟ ਦੇ ਬਹਾਨੇ ਹੀ ਚਲਦੇ ਹਾਂ।

ਮੁੰਨੀ—ਬਾਬੂ ਜੀ ਸਿਗਰਟ ਸਾਡੇ ਕੋਲੋਂ ਹੀ ਲੈ ਲਵੋ।

1+2—ਲਵਾਂਗੇ-ਲਵਾਂਗੇ।

3+4—ਥੋੜੀ ਦੇਰ ਠਹਿਰਕੇ।

1+2—ਕਿਉਂ ਬਈ ਕੀ ਹਾਲ ਹੈ, ਚੰਪਾ ਰਾਣੀ।

ਚੰਪਾ—ਤੁਹਾਡੀ ਦੱਯਾ ਹੈ ਸਾਹਬ, ਕੀ ਦੇਵਾਂ ਸਾਹਿਬ?

3+4—ਜੋ ਕੁਝ ਮਰਜ਼ੀ ਹੈ, ਦੇ ਦੇ, ਤੇਰੇ ਹੱਥਾਂ ਦੀ ਤਾਂ ਸਾਨੂੰ ਹਰ ਚੀਜ਼ ਪ੍ਰਵਾਨ ਹੈ।

ਸਾਰੇ—ਭਾਵੇਂ ਜ਼ਹਿਰ ਹੀ ਦੇ ਦੇ ਆਪਣੇ ਹੱਥਾਂ ਨਾਲ।

ਚੰਪਾ—ਨਾ, ਸਾਹਬ ਨਾ, ਜ਼ਹਿਰ ਖਾਏ ਤੁਹਾਡੀ ਚੰਪਾ।

ਸਾਰੇ—ਹਾਇ ਓਇ ਸਦਕੇ।

(ਇਕ ਦੋ ਹੋਰ ਆਉਂਦੇ ਹਨ)

1+2—ਫੇਰ ਚੰਪਾ ਰਾਣੀ, ਸਿਗਰਟ ਹੀ ਪਿਲਾ ਦੇ।

ਚੰਪਾ—ਲਉ ਸਾਹਬ

(ਮੁੰਨੀ ਉਹਨਾਂ ਕੋਲ ਜਾ ਕੇ)

ਮੁੰਨੀ—ਸਿਗਰਟਾਂ, ਬੀੜੀਆਂ, ਬਿਸਕੁਟ ਲਉ... ਹੈ।

(ਮੁੰਨੀ ਨੂੰ ਜਾਣ ਦਾ ਇਸ਼ਾਰਾ ਕਰਦੇ ਹਨ।)

4+5+6 ਆਓ ਯਾਰ ਚਲੀਏ, (ਵਾਪਸ ਮੁੜਦੇ ਹਨ ਤੇ ਸਟਿੱਲ ਹੋ ਜਾਂਦੇ ਹਨ।

(ਮੁੰਨੀ ਆਪਣੀ ਦੁਕਾਨ ਤੇ ਆ ਕੇ)

ਮੁੰਨੀ—ਵਾਹ! ਸਾਰੇ ਗਾਹਕ ਚੰਪਾ ਦੀ ਦੁਕਾਨ ਤੇ ਹੀ ਕਿਉਂ ਜਾਈ ਜਾਂਦੇ ਨੇ।

—ਵਿਲਜ਼ ਦੀਆਂ ਸਿਗਰਟਾਂ ਤਾਂ ਸਾਡੇ ਕੋਲ ਵੀ ਹਨ, ਉਹ ਉਥੋਂ ਕੀ ਲੈਣ ਜਾਂਦੇ ਨੇ ਉਥੇ ਕੋਈ ਖਾਸ ਏ?

ਬੀਰੂ—ਹਾਂ ਖਾਸ ਏ।

ਮੁੰਨੀ—ਐਵੇਂ ਦੀ ਉਹੀ ਵਿਲਜ਼ ਵਾਲੀਆਂ ਹੀ ਤਾਂ ਹੈਨ, ਕੋਈ ਖਾਸ ਖੁਸ਼ ਨਹੀਂ ਹੈਨ ਭਾ ਦਸ ਵੀ......।

ਬੀਰੂ—ਕੁੜੀਆਂ ਦੀ ਦੁਕਾਨ ਤੇ ਗਾਹਕ ਆਪੇ ਹੀ ਜਾਂਦੇ ਨੇ...।

ਮੁੰਨੀ—ਤੇ ਫੇਰ ਮੈਂ ਵੀ ਤਾਂ ਕੁੜੀ ਹਾਂ, ਇਧਰ ਕਿਉਂ ਨਹੀਂ ਆ ਰਹੇ?

ਬੀਰੂ—ਤੂੰ ਅਜੇ ਛੋਟੀ ਹੈ।

ਮੁੰਨੀ—(ਆਪਣੇ ਆਪ ਨਾਲ) ਹਾਂ ਉਹ ਬਾਬੂ ਲੋਕ ਕਹਿ ਰਹੇ ਸੀ "ਲਵਾਂਗੇ ਲਵਾਂਗੇ ਥੋੜੀ ਦੇਰ ਠਹਿਰਕੇ," (ਬੀਰੂ ਨੂੰ) ਭਾ! ਜਦੋਂ ਮੈਂ ਵੱਡੀ ਹੋ ਜਾਵਾਂਗੀ ਤਾਂ ਸਾਰੇ ਗਾਹਕ ਸਾਡੇ ਕੋਲ ਆਉਣਗੇ?

ਬੀਰੂ—(ਉਤਸੁਕਤਾ ਨਾਲ) ਹਾਂ ਸਾਰੇ ਹੀ ਤੂੰ ਜਲਦੀ ਜਲਦੀ ਵੱਡੀ ਹੋ ਜਾ, ਤੂੰ ਵੱਡੀ ਕਦੋਂ ਹੋਵੇਂਗੀ?

ਮੁੰਨੀ—ਹਾਂ ਮੈਂ ਵੱਡੀ ਕਦੋਂ ਹੋਵਾਂਗੀ?

(ਮਾਂ ਦਾ ਪ੍ਰਵੇਸ਼)

ਮਾਂ—ਮੁੰਨੀ...ਮੁੰਨੀ...।

(ਮੁੰਨੀ ਦੌੜ ਕੇ ਮਾਂ ਕੋਲ ਜਾਂਦੀ ਹੈ।)

ਮੁੰਨੀ—ਮਾਂ...ਮਾਂ...ਮੈਂ ਵੱਡੀ ਕਦੋਂ ਹੋਵਾਂਗੀ?

ਮਾਂ—ਮੇਰੀ ਮੁੰਨੀ ਤਾਂ ਬੜੀ ਵੱਡੀ ਹੈ, ਦੇਖ ਖਾਂ—(ਸਿਰ ਤੇ ਹੱਥ ਰਖਕੇ ਕਹਿੰਦੀ ਹੈ।

ਮੁੰਨੀ—(ਖਿੱਝ ਕੇ) ਨਹੀਂ ਮਾਂ, ਮੈਂ ਤਾਂ ਅਜੇ ਛੋਟੀ ਹਾਂ, ਉਹ ਦੇਖ ਸਾਰੇ ਗਾਹਕ ਚੰਪਾ ਦੀ ਦੁਕਾਨ ਤੇ ਜਾਂਦੀ

(ਮਾਂ ਆਪਣਾ ਸਿਰ ਫੜ੍ਹ ਕੇ ਉਥੇ ਹੀ ਬੈਠ ਜਾਂਦੀ ਹੈ)

—ਮਾਂ ਦਸ ਵੀ ਦਸ ਵੀ ਮਾਂ, ਮੈਂ ਵੱਡੀ ਕਦੋਂ ਹੋਵਾਂਗੀ—?—(ਸਟਿੱਲ)

(ਬੀਰੂ ਕਲੰਡਰ ਲਪੇਟ ਰਿਹਾ ਸਟਿਲ ਖੜਾ ਹੈ।)

(ਗੀਤ-ਮੰਡਲੀ ਦਾ ਮੁੱਖੀ ਆਉਂਦਾ ਹੈ ਤੇ ਗਾਉਂਦਾ ਹੈ।)

ਨੀ ਬੱਚੀਏ ਤੈਨੂੰ ਵੱਡੀ ਹੋਣ ਦਾ ਕੀ ਚਾਅ?

ਕੋਈ ਵੱਡੀ ਹੋ ਕੇ ਮਾਲਦਾਰ ਬਣੇਗੀ।
ਕੋਈ ਕਿਸੇ ਸੇਠ ਜੀ ਦੀ ਨਾਰ ਬਣੇਗੀ।
ਤੇਰੀ ਤਾਂ ਜੁਆਨੀ ਤੇਰੀ ਹਾਰ ਬਣੇਗੀ।
ਜਿੱਤਣ ਦੀ ਆਸ ਨਾ ਤੂੰ ਲਾ।
ਨੀ ਬੱਚੀਏ......।
ਜਦੋਂ ਇਹਨਾਂ ਡਾਲੀਆਂ ਤੇ ਬੂਰ ਆਏਗਾ।
ਕੌਣ ਤੇਰੇ ਆਸ-ਪਾਸ ਵਾੜ੍ਹ ਲਾਏਗਾ।
ਆਉਂਦਾ ਜਾਂਦਾ ਹੱਕ ਤੇਰੇ ਤੇ ਜਤਾਏਗਾ।
ਦਿਨੇ ਰਾਤੀਂ ਚਲਦਾ ਏ ਰਾਹ।
ਨੀ ਬੱਚੀਏ......।

ਜੇ ਤੂੰ ਵੱਡੀ ਹੋਣਾ ਏ, ਤਾਂ ਇਸ ਤਰ੍ਹਾਂ ਹੋ।
ਤੇਰੇ ਰੋਮ ਰੋਮ ਵਿਚ ਜਾਗੇ ਵਿਦਰੋਹ।
ਦੁੱਖੀਆਂ ਦਾ ਦੁੱਖ ਅਤੇ ਬੱਚਿਆਂ ਦਾ ਮੋਹ।
ਸੋਚੇ ਕੋਈ ਢੰਗ ਤੇ ਉਪਾਅ।
ਨੀ ਬੱਚੀਏ ਤੈਨੂੰ ਵੱਡੀ ਹੋਣ ਦਾ ਕੀ ਚਾਅ...

o o o


VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ
6407 MAIN ST. ਤੇ ਖੁੱਲ੍ਹ ਗਿਆ ਹੈ। ਜਿੱਥੇ
ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਾਮਾਨ ਬਹੁਤ
ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ।
ਖੁਦ ਆਓ ਤੇ ਅਜ਼ਮਾ ਕੇ ਵੇਖੋ।

TEL: 324-3177

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

6407 MAIN ST.
VANCOUVER, B.C.

# ਨਸਲਵਾਦ ਵਿਰੁੱਧ ਬੀ.ਸੀ. ਸੰਘਰਸ਼ ਸੰਮਤੀ ਵਲੋਂ

## ਕਮਿਊਨਿਟੀ ਦੇ ਨਾਉਂ ਇੱਕ ਸੰਦੇਸ਼

**4 ਅਤੇ 17 ਅਕਤੂਬਰ ਨੂੰ 'ਕਮਿਊਨਿਸਟ ਪਾਰਟੀ ਆਫ ਕਨੇਡਾ (ਮ. ਲ.) ਵਲੋਂ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ (BCOFR) ਦੇ ਵੈਨਕੂਵਰ ਵਿਚ ਸਾਊਥ ਮੈਮੋਰੀਅਲ ਪਾਰਕ ਵਿਚ ਕੀਤੇ ਗਏ ਮੁਜਾਹਰਿਆਂ ਉਪਰ ਹਮਲਿਆਂ ਨੇ ਇਹ ਬਿਲਕੁਲ ਸਪਸ਼ਟ ਕਰ ਦਿੱਤਾ ਹੈ ਕਿ, ਨਸਲਵਾਦ ਅਤੇ ਕੂ ਕਲਕਸ ਕਲੈਨ ਵਰਗੀਆਂ ਜਥੇਬੰਦੀਆਂ ਦਾ ਮੁਕਾਬਲਾ ਕਰਨ ਦੇ ਨਾਲ ਨਾਲ ਨਸਲਵਾਦ ਵਿਰੋਧੀ ਲਹਿਰ ਨੂੰ ਹਰਦਿਆਲ ਬੈਂਸ ਦੇ ਮੁੱਠੀ - ਭਰ ਹੁੱਲੜਬਾਜ ਚੇਲਿਆਂ, ਜੋ ਕਿ ਆਪਣੇ ਆਪ ਨੂੰ ਨਸਲਵਾਦ ਵਿਰੋਧੀ ਅਖਵਾਉਂਦੇ ਹਨ, ਨਾਲ ਭੀ ਨਜਿਠਣਾ ਪਵੇਗਾ ।**

ਇਨ੍ਹਾਂ ਦੋਨਾਂ ਦਿਨਾਂ ਨੂੰ ਇਹ ਟੋਲਾ ਸਿਰਫ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਦੀਆਂ ਸ਼ਾਂਤੀ ਪੂਰਵਕ ਰੈਲੀਆਂ ਨੂੰ ਸਰੀਰਕ ਤੌਰ ਤੇ ਭੰਗ ਕਰਨ ਲਈ ਅਤੇ ਅਜਿਹਾ ਕਰਕੇ ਨਸਲਵਾਦ ਵਿਰੋਧੀ ਜਮਹੂਰੀ ਲਹਿਰ ਨੂੰ ਤੋੜਨ ਲਈ ਪਾਰਕ ਵਿਚ ਆਇਆ । ਦੋਨਾਂ ਮੌਕਿਆਂ ਉਤੇ ਉਹਨਾਂ ਨੇ 2×2 ਦੇ ਡੰਡੇ ਨਸਲਵਾਦ ਵਿਰੁੱਧ ਮੁਜਾਹਰਾ ਕਰ ਰਹੇ ਲੋਕਾਂ ਦੇ ਸਿਰਾਂ ਵਿਚ ਮਾਰਨੇ ਸ਼ੁਰੂ ਕਰ ਦਿੱਤੇ । ਬਹੁਤ ਸਾਰੇ ਲੋਕਾਂ ਦੇ ਸਿਰਾਂ, ਪਿੱਠ ਅਤੇ ਬਾਹਾਂ ਉਪਰ ਸਖਤ ਚੋਟਾਂ ਆਈਆਂ । ਉਹਨਾ ਦੇ ਐਕਸ਼ਨਾਂ ਨੇ ਜਾਹਰ ਕਰ ਦਿੱਤਾ ਕਿ ਉਹਨਾਂ ਦੀ ਨਸਲਵਾਦ ਵਿਰੁੱਧ ਲੜਨ ਦੀ ਕੋਈ ਇੱਛਾ ਨਹੀਂ । ਇਹੋ ਜਿਹੇ ਹਮਲੇ ਤਾਂ ਕੂ ਕਲਕਸ ਕਲੈਨ ਨੂੰ ਕਰਨੇ ਚਾਹੀਦੇ ਹਨ । CPC (ML) ਅਤੇ ਉਸ ਦੀਆਂ ਅਖੌਤੀ ਜਥੇਬੰਦੀਆਂ 'ਈਸਟ ਇੰਡੀਅਨ ਡੀਫੈਂਸ ਕਮੇਟੀ' ਅਤੇ 'ਪੀਪਲਜ਼ ਫਰੰਟ' ਕੂ ਕਲਕਸ ਕਲੈਨ ਦਾ ਕੰਮ ਕਰ ਰਹੀਆਂ ਹਨ, ਜਿਸ ਕਰਕੇ ਕੂ ਕਲਕਸ ਕਲੈਨ ਨੇ ਉਹਨਾਂ ਨੂੰ ਵਧਾਈ ਭੀ ਭੇਜੀ ।

## ਇਹ ਹਮਲੇ ਨਵੇਂ ਨਹੀਂ

CPC(ML) ਵਲੋਂ ਕੀਤੇ ਗਏ ਇਹ ਹਮਲੇ ਹਰਦਿਆਲ ਬੈਂਸ ਅਤੇ ਉਸ ਦੇ ਗੁੰਡਿਆਂ ਦੇ ਲੰਬੇ ਇਤਿਹਾਸ ਨਾਲ ਢੁਕਵੇਂ ਹਨ । ਪਿਛਲੇ 10 ਸਾਲਾਂ ਤੋਂ ਉਹਨਾਂ ਨੇ ਲੋਕ ਘੋਲਾਂ ਨੂੰ ਸਿਰਫ ਨੁਕਸਾਨ ਹੀ ਪਹੁੰਚਾਇਆ ਹੈ । ਦਰਜਨਾਂ ਹੀ ਅਖੌਤੀ ਜਥੇਬੰਦੀਆਂ ਖੜ੍ਹੀਆਂ ਕਰ ਕੇ (ਜਿਵੇਂ 'ਕਮਿਊਨਿਸਟ ਪਾਰਟੀ ਆਫ ਕਨੇਡਾ (ਮ. ਲ.)' 'ਈਸਟ ਇੰਡੀਅਨ ਡੀਫੈਂਸ ਕਮੇਟੀ' 'ਫਾਰਮਵਰਕਰਜ਼ ਡੀਫੈਂਸ ਕਮੇਟੀ' 'ਪੀਪੀਲਜ਼ ਫਰੰਟ' ਆਦਿ ) ਉਹਨਾਂ ਨੇ ਲੋਕਾਂ ਦੇ ਦਿਲਾਂ ਵਿਚ ਭੁਲੇਖੇ ਖੜ੍ਹੇ ਕੀਤੇ ਹਨ । ਉਹਨਾਂ ਦੇ ਲੰਬੇ ਇਤਿਹਾਸ ਵਿਚ ਕਦੇ ਭੀ ਉਹਨਾਂ ਨੇ ਲੋਕਾਂ ਦਾ ਕੁਝ ਨਹੀਂ ਸੰਵਾਰਿਆ ਅਤੇ ਨਾ ਹੀ ਉਹਨਾਂ ਨੇ ਕਦੇ ਕਿਸੇ ਦੀ ਰਾਖੀ ਕੀਤੀ ਹੈ । ਪਰ ਇਸ ਦੇ ਉਲਟ ਉਹਨਾਂ ਨੇ ਹਮੇਸ਼ਾ ਅਗਾਂਹਵਧੂ ਲੋਕ ਲਹਿਰਾਂ ਜਾਂ ਜਥੇਬੰਦੀਆਂ ਨੂੰ ਭੰਨ ਤੋੜ ਅਤੇ ਸਰੀਰਕ ਹਮਲੇ ਕਰਨ ਦਾ ਨਿਸ਼ਾਨਾ ਬਣਾਇਆ ਹੈ । ਅਜਿਹਾ ਉਹਨਾਂ ਨੇ ਵੀਅਤਨਾਮ ਲੜਾਈ - ਵਿਰੋਧੀ ਲਹਿਰ ਨਾਲ ਕੀਤਾ । ਅਜਿਹਾ ਹੀ ਉਹਨਾਂ ਨੇ ਨੇਟਿਵ ਇੰਡੀਅਨਾਂ, ਔਰਤਾਂ ਦੀਆਂ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਨਾਲ ਕੀਤਾ । ਈਸਟ ਇੰਡੀਅਨ ਕਮਿਊਨਿਟੀ ਵਿਚ ਉਹਨਾਂ ਨੇ 1976 ਵਿਚ ਇਪਾਨਾ ਦੇ ਮੁਜਾਹਰੇ ਤੇ ਹਮਲਾ ਕੀਤਾ । ਰੌਸ ਸਟਰੀਟ ਗੁਰਦਵਾਰੇ ਦੀ ਲੀਡਰਸ਼ਿਪ ਤੇ ਹਮਲੇ ਕੀਤੇ । 11 ਐਵੇਨਿਊ ਗੁਰਦਵਾਰੇ ਦੀਆਂ ਮੀਟਿੰਗਾਂ ਵਿਚ ਖੱਪ ਪਾਉਣ ਦੀ ਕੋਸ਼ਿਸ਼ ਕੀਤੀ ਅਤੇ 1979 ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਮੀਟਿੰਗ ਨੂੰ ਭੰਗ ਕੀਤਾ । ਉਹਨਾਂ ਵਲੋਂ ਹੁੱਲੜਬਾਜ ਦਖਲ - ਅੰਦਾਜ਼ੀ ਕਰਨ ਕਾਰਨ ਉਹਨਾਂ ਨੇ ਯੈਲੋ ਕੈਬ ਦੇ ਡ੍ਰਾਈਵਰਾਂ ਦੇ ਕੰਪਨੀ ਦੇ ਨਸਲਵਾਦ ਵਿਰੁੱਧ ਕੀਤੇ ਜਾ ਰਹੇ ਘੋਲ ਨੂੰ ਖੁਰਦ ਬੁਰਦ ਕਰ ਦਿੱਤਾ । ਉਹਨਾਂ ਦੀਆਂ ਇਹਨਾਂ ਕਰਤੂਤਾ ਨੇ ਸਾਰੀ ਕਮਿਊਨਿਟੀ ਦੀ ਬੇਇਜ਼ਤੀ ਕੀਤੀ ਅਤੇ ਅਸਲ ਵਿਚ ਈਸਟ ਇੰਡੀਅਨਾਂ ਖਿਲਾਫ ਨਸਲਵਾਦ ਨੂੰ ਪਰੈਸ ਵਿਚ ਅਤੇ ਵਿਸ਼ਾਲ ਕਨੇਡੀਅਨ ਕਮਿਊਨਿਟੀ ਵਿਚ ਫੈਲਾਇਆ । ਇਸ ਕਰਕੇ ਉਹਨਾਂ ਵਲੋਂ ਸੰਘਰਸ਼ ਸੰਮਤੀ (BCOFR) ਦੀਆਂ ਰੈਲੀਆਂ ਉਪਰ ਹਮਲਾ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ।

## 'ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ' ਹੀ ਮੁੱਖ ਨਿਸ਼ਾਨਾ ਕਿਉਂ?

ਕਿਉਂ ਕਿ ਪਿਛਲੇ ਇਕ ਸਾਲ ਤੋਂ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਨੇ ਨਸਲਵਾਦ ਵਿਰੁੱਧ ਘੋਲ ਨੂੰ ਇਕ ਵਿਸ਼ਾਲ ਲਹਿਰ ਬਣਾ ਦਿੱਤਾ । ਤਕਰੀਬਨ 1000 ਮੈਂਬਰਾਂ, ਜੋ ਕਿ ਸਿਰਫ ਵੈਨਕੂਵਰ ਇਲਾਕੇ ਵਿਚ ਹੀ ਨਹੀਂ, ਬਲਕਿ ਬੀ. ਸੀ. ਦੇ ਹੋਰਨਾਂ ਹਿੱਸਿਆਂ ਵਿਚ ਭੀ ਹਨ, ਅਤੇ ਨਸਲਵਾਦ ਵਿਰੁੱਧ ਲੜਨ ਦੇ ਬਹੁ - ਪੱਖੀ ਨਜ਼ਰੀਏ ਕਾਰਨ ਸੰਘਰਸ਼ ਸੰਮਤੀ ਇਕ ਮੁੱਖ ਨਸਲਵਾਦ - ਵਿਰੋਧੀ ਤਾਕਤ ਬਣ ਕੇ ਉਭਰੀ ਹੈ । ਇਸ ਨੇ ਕੂ ਕਲਕਸ ਕਲੈਨ ਉਤੇ ਪੂਰਨ ਪਾਬੰਦੀ ਲਾਉਣ ਦੀ ਮੁਹਿੰਮ ਚਲਾਈ, ਜਿਸ ਦੌਰਾਨ ਇਕ ਪਟੀਸ਼ਨ ਉਤੇ 16000 ਦਸਤਖਤ ਇਕੱਠੇ ਕੀਤੇ । ਆਪਣੇ ਕੰਮ ਦੇ ਦੌਰਾਨ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਨੂੰ ਟਰੇਡ ਯੂਨੀਅਨ ਲਹਿਰ, ਧਾਰਮਿਕ ਸੰਸਥਾਵਾਂ, ਔਰਤਾਂ ਦੀਆਂ ਜਥੇਬੰਦੀਆਂ ਅਤੇ ਸਾਮਰਾਜ ਵਿਰੋਧੀ ਜਥੇਬੰਦੀਆਂ ਦੀ ਮਦਦ ਮਿਲੀ । ਇਸੇ ਤਰ੍ਹਾਂ ਵੱਖ ਵੱਖ ਕਮਿਊਨਿਟੀਆਂ, ਜਿਵੇਂ ਚੀਨੀ ਕਮਿਊਨਿਟੀ, ਨੇਟਿਵ ਇੰਡੀਅਨਾਂ, ਯਹੂਦੀਆਂ, ਕਾਲੇ ਭੈਣਾਂ ਭਰਾਵਾਂ ਨੇ ਸੰਘਰਸ਼ ਸੰਮਤੀ ਦੀ ਡਟ ਕੇ ਮਦਦ ਕੀਤੀ । ਭਾਰਤੀ ਕਮਿਊਨਿਟੀ ਵਿਚ ਸਾਰੇ ਦੇ ਸਾਰੇ ਗੁਰਦਵਾਰਿਆਂ ਨੇ ਅਤੇ ਬਹੁਤ ਸਾਰੀਆਂ ਸਮਾਜਿਕ, ਕਲਚਰਲ ਅਤੇ ਸਿਆਸੀ ਜਥੇਬੰਦੀਆਂ ਨੇ ਸੰਘਰਸ਼ ਸੰਮਤੀ (BCOFR) ਦੀ ਮਦਾਦਕੀਤੀ । ਇਸ ਤੋਂ ਬਿਨਾਂ ਕਨੇਡਾ, ਪਾਕਿਸਤਾਨ ਐਸੋਸੀਏਸ਼ਨ, ਬੀ. ਸੀ. ਮੁਸਲਿਮ ਐਸੋਸੀਏਸ਼ਨ ਅਤੇ ਫਿਜੀਅਨ ਸ਼ਿਵ ਮੰਦਰ ਨੇ ਭੀ ਸੰਘਰਸ਼ ਸੰਮਤੀ ਪ੍ਰਤੀ ਆਪ ਦੀ ਮਦਦ ਜਾਹਿਰ ਕੀਤੀ । ਕਦੇ ਭੀ ਨਸਲਵਾਦ ਵਿਰੁੱਧ ਕਿਸੇ ਜਥੇਬੰਦੀ ਵਿਰੁੱਧ ਲੋਕਾਂ ਅਤੇ ਹੋਰਨਾਂ ਜਥੇਬੰਦੀਆਂ ਦੀ ਇੰਨੀ ਵਿਸ਼ਾਲ ਮਦਦ ਨਹੀਂ ਮਿਲੀ, ਜਿੰਨੀ ਪਿਛਲੇ ਇਕ ਸਾਲ ਦੌਰਾਨ ਸੰਘਰਸ਼ ਸੰਮਤੀ ਨੂੰ ਮਿਲੀ ।

ਸ਼ੁਰੂ ਤੋਂ ਹੀ ਹਰਦਿਆਲ ਬੈਂਸ ਅਤੇ ਉਸ ਦੇ ਗੁੰਡਿਆਂ ਨੇ ਸੰਘਰਸ਼ ਸੰਮਤੀ ਦੀ ਭੰਨ ਤੋੜ ਕਰਨ ਅਤੇ ਇਸ ਨੂੰ ਵਧਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ । ਸੰਘਰਸ਼ ਸੰਮਤੀ ਬਨਣ ਤੋਂ ਕੁਝ ਦੇਰ ਬਾਅਦ ਹੀ ਲੋਕਾਂ ਦੇ ਦਿਲਾਂ ਵਿਚ ਭੁਲੇਖਾ ਖੜ੍ਹਾ ਕਰਨ ਲਈ 'ਪੀਪਲਜ਼ ਫਰੰਟ' ਦੀ ਸਥਾਪਨਾ ਕੀਤੀ । ਉਹਨਾਂ ਨੇ ਆਪਣੀਆਂ ਰੈਲੀਆਂ ਸੰਘਰਸ਼ ਸੰਮਤੀ ਦੀਆਂ ਰੈਲੀਆਂ ਸਮੇਂ ਬੁਲਾਈਆਂ, ਜਿਵੇਂ ਕਿ ਲੈਡਨਰ ਵਿਚ ਗੁਰਦੇਵ ਸਿੱਧੂ ਦੇ ਘਰ ਬਾਹਰ, ਜਿਸ ਨੂੰ ਕਿ ਨਸਲੀ ਗੁੰਡਿਆਂ ਨੇ ਅੱਗ ਲਗਾ ਦਿੱਤੀ ਸੀ । ਉਹਨਾਂ ਨੇ ਨਸਲੀ ਹਮਲਿਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਸੰਘਰਸ਼ ਸੰਮਤੀ ਤੋਂ ਮਦਦ ਲੈਣ ਤੋਂ ਰੋਕਣ ਅਤੇ ਡਰਾਉਣ ਧਮਕਾਉਣ ਦੀਆਂ ਕੋਸ਼ਿਸ਼ਾਂ ਭੀ ਕੀਤੀਆਂ । ਪਰ ਇਹ ਸਭ ਕੁਝ ਸੰਘਰਸ਼ ਸੰਮਤੀ ਨੂੰ ਵਧਣ ਫੁੱਲਣ ਤੋਂ ਰੋਕ ਨਾ ਸਕਿਆ । ਜਦੋਂ ਹੋਰ ਕੋਈ ਚਾਰਾ ਨਾ ਗਿਆ ਤਾਂ ਉਹਨਾਂ ਨੇ ਸਾਊਥ ਮੈਮੋਰੀਅਲ ਪਾਰਕ ਵਿਚ ਹਮਲੇ ਕਰਕੇ ਸੰਘਰਸ਼ ਸੰਮਤੀ ਨੂੰ ਤੋੜਨਾ ਚਾਹਿਆ ।

## 4 ਅਕਤੂਬਰ ਦੀ ਰੈਲੀ

ਸਾਡੀ 4 ਅਕਤੂਬਰ ਦੀ ਰੈਲੀ ਵਧ ਰਹੀ ਨਸਲੀ ਹਿੰਸਾ ਦੀ ਨਿਖੇਧੀ ਕਰਨ ਲਈ, ਕੂ ਕਲਕਸ ਕਲੈਨ ਵਰਗੀਆਂ ਨਸਲੀ ਜਥੇਬੰਦੀਆਂ ਦੇ ਫੈਲਾਅ ਖਿਲਾਫ ਅਤੇ ਬੀ. ਸੀ. ਸਰਕਾਰ ਵਲੋਂ ਪਾਸ ਕੀਤੇ ਗਏ ਨਿਕੰਮੇ ਸਿਵਲ ਰਾਈਟਸ ਐਕਟ ਖਿਲਾਫ ਰੋਸ ਪ੍ਰਗਟ ਕਰਨ ਲਈ ਕੀਤੀ ਗਈ ਸੀ । ਰੈਲੀ ਤੇ ਅਖੌਤੀ 'ਪੀਪਲਜ ਫਰੰਟ' ਅਤੇ 'ਡੀਫੈਂਸ ਕਮੇਟੀ' ਦੇ ਮੈਂਬਰਾਂ ਨੇ 2×2 ਦੇ ਡੰਡਿਆਂ ਨਾਲ ਹਮਲਾ ਕਰ ਦਿੱਤਾ । ਇਸ ਸ਼ਾਂਤਮਈ ਰੈਲੀ ਤੇ ਗਿਣੇ ਮਿਥੇ ਤੇ ਹਿੰਸਾ ਭਰੇ ਹਮਲੇ ਨੇ ਸਾਡੇ ਸਾਰੇ ਮੈਂਬਰਾਂ ਹੀ ਨਹੀਂ, ਬਲਕਿ ਉਹਨਾਂ ਸਾਰਿਆਂ ਵਿਚ, ਜੋ ਨਸਲਵਾਦ ਅਤੇ ਕਲੈਨ ਦੀ ਵਿਰੋਧਤਾ ਕਰਦੇ ਹਨ, ਵਿਚ ਗੁੱਸਾ ਭਰ ਦਿੱਤਾ । ਸਾਨੂੰ ਟਰੇਡ ਯੂਨੀਅਨਾਂ ਅਤੇ ਹੋਰਨਾਂ ਕਮਿਊਨਿਟੀ ਜਥੇਬੰਦੀਆਂ ਵਲੋਂ ਅਨੇਕਾਂ ਸਾਂਝ ਭਰੇ ਸੁਨੇਹੇ ਆਏ । ਲੋਕਾਂ ਦੇ ਦਿਲ ਵਿਚ ਗੁੱਸਾ ਸੀ, ਕਿ ਮੁੱਠੀ ਭਰ ਗੁੰਡੇ ਇਸ ਤਰ੍ਹਾਂ ਲੋਕਾਂ ਦਾ ਰੈਲੀਆਂ ਅਤੇ ਮੁਜਾਹਰੇ ਕਰਨ ਦਾ ਹੱਕ ਨਹੀਂ ਖੋਹ ਸਕਦੇ ਅਤੇ ਵੈਨਕੂਵਰ ਦੇ ਪਾਰਕ ਅਤੇ ਸੜਕਾਂ ਉਹਨਾਂ ਨੂੰ ਨਹੀਂ ਸੌਂਪ ਦੇਣੇ ਚਾਹੀਦੇ । ਇਹ ਸਭ ਸੋਚ ਕੇ ਅਸੀਂ ਇਕ ਹੋਰ ਰੈਲੀ ਕਰਨ ਦਾ ਫੈਸਲਾ ਕੀਤਾ ਤਾਂ ਕਿ ਸਾਡੇ ਮੈਂਬਰਾਂ ਅਤੇ ਸਾਡੀ ਮਦਦ ਕਰਨ ਲਈ ਆਈਆਂ ਸੰਸਥਾਵਾਂ ਨੂੰ 4 ਅਕਤੂਬਰ ਵਾਲੀ ਰੈਲੀ ਪੂਰੀ ਕਰਨ ਦਾ ਮੌਕਾ ਮਿਲ ਸਕੇ ।

17 ਅਕਤੂਬਰ ਨੂੰ ਰੈਲੀ ਕਰਨ ਦਾ ਫੈਸਲਾ ਉਦੋਂ ਸ਼ੰਕੇ ਵਿਚ ਪੈ ਗਿਆ, ਜਦੋਂ ਵੈਨਕੂਵਰ ਪੁਲਿਸ ਨੇ ਸਾਡਾ ਪ੍ਰਮਿਟ ਕੈਂਸਲ ਕਰ ਦਿੱਤਾ । ਅਸੀਂ ਰੈਲੀ ਕਰਨ ਦਾ ਫੈਸਲਾ ਉਦੋਂ ਪੱਕਾ ਕੀਤਾ, ਜਦੋਂ ਮੇਅਰ ਹਾਰਕੋਰਟ ਨੇ ਸਾਨੂੰ ਭਰੋਸਾ ਦੁਆਇਆ ਕਿ ਪ੍ਰਮਿਟ ਦੀ ਸਮੱਸਿਆ ਸਿਰਫ 'ਟੈਕਨੀਕਲ' ਹੈ ਅਤੇ ਅਸੀਂ ਆਪਣੀ ਰੈਲੀ ਕਰ ਸਕਦੇ ਹਾਂ ਅਤੇ ਪੁਲਿਸ ਉਥੇ ਕਿਸੇ ਤਰ੍ਹਾਂ ਦੀ ਭੀ ਹਿੰਸਾ ਰੋਕਣ ਲਈ ਮੌਜੂਦ ਹੋਵੇਗੀ ।

## 17 ਅਕਤੂਬਰ ਦਾ ਕਾਮਯਾਬ ਮੁਜਾਹਰਾ

'ਡੀਫੈਂਸ ਕਮੇਟੀ' ਦੀਆਂ ਧਮਕੀਆਂ ਦੇ ਬਾਵਜੂਦ 17 ਅਕਤੂਬਰ ਦੇ ਮੁਾਹਰੇ ਅਤੇ ਰੈਲੀ ਵਿਚ ਤਕਰੀਬਨ 500 ਲੋਕਾਂ ਨੇ ਹਿੱਸਾ ਲਿਆ । ਕਈ ਯੂਨੀਅਨਾਂ, ਜਿਵੇਂ ਕਿ ਆਈ. ਡਬਲਊ. ਏ., ਟੈਲੀਫੋਨ ਵਰਕਰਜ਼ ਯੂਨੀਅਨ, ਕੇਮਾਵ, ਔਰਤਾਂ ਦੀਆਂ ਜਥੇਬੰਦੀਆਂ, ਸਾਮਰਾਜ ਵਿਰੋਧੀ ਜਥੇਬੰਦੀਆਂ ਅਤੇ ਹੋਰਨਾਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਮੋਜਾਹਰੇ ਵਿਚ ਹਿੱਸਾ ਲਿਆ । ਚਾਈਨੀਜ਼ ਬਨੇਵੋਲੈਂਟ ਐਸੋਸੀਏਸ਼ਨ ਅਤੇ ਯੂਨੀਅਨ ਆਫ ਬੀ. ਸੀ. ਇੰਡੀਅਨ ਚੀਫਜ਼ ਵਰਗੀਆਂ ਕਮਿਊਨਿਟੀ ਜਥੇਬੰਦੀਆਂ ਨੇ ਮੁਜਾਹਰੇ ਤੋਂ ਬਾਅਦ ਹੋਈ ਰੈਲੀ ਵਿਚ ਸੰਘਰਸ਼ ਸੰਮਤੀ (BCOFR) ਲਈ ਪੂਰਨ ਮਦਦ ਜਾਹਿਰ ਕੀਤੀ ।

ਆਪਦੀਆਂ ਕਰਤੂਤਾਂ ਤੋਂ ਬਾਜ ਨਾ ਆਉਂਦੇ ਹੋਏ ਹਰਦਿਆਲ ਬੈਂਸ ਦੇ ਮੁੱਠੀ ਭਰ ਗੁੰਡੇ ਇਕ ਵਾਰ ਫਿਰ ਪਾਰਕ ਵਿਚ 2×2 ਦੇ ਡੰਡੇ ਲੈ ਕੇ ਆਏ ਪਰ ਉਹਨਾਂ ਦੀਆਂ ਮੁਜਾਹਰਾ ਤੋੜਨ ਦੀਆਂ ਕੋਸ਼ਿਸ਼ਾਂ ਠੱਪ ਕਰ ਦਿੱਤੀਆਂ ਗਈਆਂ । ਮੁਜਾਹਰੇ ਦੀ ਰਾਖੀ ਕਰਨ ਲਈ ਤਿਆਰ ਕੀਤੇ ਮਾਰਸ਼ਲਾਂ ਦੀ ਇਕ ਮਜ਼ਬੂਤ ਲਾਈਨ ਬਣਾ ਦਿੱਤੀ, ਜਿਸ ਨੇ ਉਹਨਾਂ ਨੂੰ ਸਾਡੇ ਮੁਜਾਹਰੇ ਵਿਚ ਸ਼ਾਮਲ ਨਾ ਹੋਣ ਦਿੱਤਾ । ਜਦੋਂ ਅਸੀਂ ਮਾਰਚ ਸ਼ੁਰੂ ਕੀਤਾ ਤਾਂ ਉਹਨਾਂ ਨੇ ਨੱਠ ਕੇ ਮੁਜਾਹਰੇ ਅੱਗੇ ਹੋਣਾ ਚਾਹਿਆ ਪਰ ਇਕ ਵਾਰ ਫਿਰ ਉਹਨਾਂ ਦੀ ਚਾਲ ਫੇਅਲ ਕਰ ਦਿੱਤੀ ਗਈ ਉਹਨਾਂ ਨੂੰ ਮੁਜਾਹਰੇ ਦੇ ਪਿੱਛੇ ਪਿੱਛੇ ਚੱਲਣ ਤੋਂ ਕੋਈ ਚਾਰਾ ਨਾ ਰਿਹਾ | ਆਪਣੇ ਭੰਨ ਤੋੜ ਅਤੇ ਕੁੱਟ ਮਾਰ ਦੀ ਐਸਲੀਅਤ ਤੋਂ ਖਰ੍ਹੇ ਨਾ ਹੁੰਦਿਆਂ ਹੋਇਆਂ ਉਹਨਾਂ ਨੇ ਸੰਘਰਸ਼ ਸੰਮਤੀ ਦੇ ਮਾਰਸ਼ਲਾਂ ਉਤੇ 2×2 ਡੰਡਿਆਂ ਨਾਲ ਵਾਰ ਵਾਰ ਹਮਲੇ ਕੀਤੇ ਪਰ ਸਾਡੇ ਮਾਰਸ਼ਲਾਂ ਨੇ ਬੜੇ ਡਸਿਪਲਨ ਵਿਚ ਰਹਿੰਦਿਆਂ ਹੋਇਆਂ ਸਾਡੇ ਮੁਜਾਹਰੇ ਅਤੇ ਨਸਲਵਾਦ ਵਿਰੁੱਧ ਰੋਸ ਪ੍ਰਗਟ ਕਰਨ ਲਈ ਆਏ ਲੋਕਾਂ ਦੀ ਡਟ ਕੇ ਰਾਖੀ ਕੀਤੀ ।

ਸਾਡਾ 17 ਅਕਤੂਬਰ ਦਾ ਮੁਜਾਹਰਾ ਐਨੀ ਤਿਆਰੀ ਨਾਲ ਕੀਤਾ ਗਿਆ ਸੀ ਕਿ ਜੇ ਅਸੀਂ ਚਾਹੁੰਦੇ ਤਾਂ ਇਨ੍ਹਾਂ ਸਾਰੇ ਗੁੰਡਿਆਂ ਦਾ ਮਲੀਆ ਮੇਟ ਕਰ ਦਿੰਦੇ ਇਨ੍ਹਾਂ ਵਿਚੋਂ ਕੋਈ ਵੀ ਚੱਲ ਕੇ ਘਰ ਨਾ ਵਾਪਸ ਨਾ ਪਹੁੰਚ ਸਕਦਾ ਪਰ ਸਾਡੇ ਵਲੋਂ ਅਜਿਹਾ ਕਰਨ ਨਾਲ ਨਸਲਵਾਦੀਆਂ ਦੀ ਸੇਵਾ ਕਰਨ ਦੇ ਬਰਾਬਰ ਹੁੰਦਾ ਪ੍ਰੈਸ ਨੇ 'ਈਸਟ ਇੰਡੀਅਨ ਈਸਟ ਇੰਡੀਅਨਾਂ ਨਾਲ ਲੜਦੇ' ਕਹਿਣਾ ਸੀ ਅਤੇ 'ਦੋ ਨਸਲਵਾਦ - ਵਿਰੋਧੀ ਗਰੁੱਪਾਂ ਵਿਚ ਲੜਾਈ' ਵਰਗੀਆਂ ਸੁਰਖੀਆਂ ਛਾਪਣੀਆਂ ਸਨ । ਜਿਸ ਕਿਸੇ ਨੇ ਭੀ 4 ਅਕਤੂਬਰ ਅਤੇ 17 ਅਕਤੂਬਰ ਦੀਆਂ ਰੈਲੀਆਂ ਵਿਚ ਹਿੱਸਾ ਲਿਆ, ਉਸ ਨੂੰ ਕੋਈ ਸ਼ੱਕ ਨਹੀਂ ਕਿ ਅਸਲੀ ਨਸਲਵਾਦ ਵਿਰੋਧੀ ਕੌਣ ਹੈ ਅਤੇ ਭੰਨ ਤੋੜ ਕਰਨ ਵਾਲਾ ਕੌਣ । ਸ਼ੁਰੂ ਵਿਚ ਕੁਝ ਪ੍ਰੈਸ ਰੀਪੋਰਟਾਂ ਅਤੇ ਪੁਲਿਸ ਨੇ ਆਪਣੇ ਆਪਦੇ ਕਾਰਨਾਂ ਕਰਕੇ ਦੋਨਾਂ ਗਰੁੱਪਾਂ ਤੇ ਦੋਸ਼ ਲਾਉਣ ਦੀ ਕੋਸ਼ਿਸ਼ ਕੀਤੀ ਪਰ ਸਚਾਈ ਛੁਪਾਈ ਨਾ ਜਾ ਸਕੀ । ਹੌਲੀ ਹੌਲੀ ਸਾਰੇ ਦਾ ਸਾਰਾ ਪ੍ਰੈਸ, ਸਾਰੀ ਕਮਿਊਨਿਟੀ ਅਤੇ ਵੱਖ ਵੱਖ ਸਿਆਸੀ ਪਾਰਟੀਆਂ, ਟਰੇਡ ਯੂਨੀਅਨਾਂ, ਸਿਟੀ ਆਲਡਰਮੈਨ ਅਤੇ ਇਥੋਂ ਤਕ ਕਿ ਹਰਦਿਆਲ ਬੈਂਸ ਦੇ ਕੁਝ ਚੇਲੇ, ਜਿਹੜੇ ਕਿ ਹੁਣ ਤਕ ਗੁਮਰਾਹ ਹੋਏ ਹੋਏ ਸਨ, ਸਾਰੇ ਸਚਾਈ ਜਾਣ ਗਏ । **ਇਹ ਵੱਖ ਵੱਖ ਪ੍ਰੋਗਰਾਮਾਂ ਵਾਲੇ ਦੋ ਨਸਲਵਾਦੀ - ਵਿਰੋਧੀ ਗਰੁੱਪਾਂ ਵਿਚ ਲੜਾਈ ਨਹੀਂ ਸੀ, ਨਾ ਹੀ ਇਹ ਦੋ ਈਸਟ ਇੰਡੀਅਨਾਂ ਦੇ ਗਰੁੱਪਾਂ ਵਿਚ ਲੜਾਈ ਸੀ । ਅਸਲ ਵਿਚ ਇਹ ਲੋਕਾਂ ਦੀ ਨਸਲਵਾਦ - ਵਿਰੋਧੀ ਲਹਿਰ ਉਤੇ, ਜਿਸ ਤਰ੍ਹਾਂ ਮੇਅਰ ਹਾਰਕੋਰਟ ਨੇ ਕਿਹਾ, "ਇਕ ਮੁੱਠੀ ਪਰ ਫਾਸ਼ੀ ਗੁੰਡਿਆਂ ਵਲੋਂ ਹਮਲਾ ਸੀ ।"**

17 ਅਕਤੂਬਰ ਦਾ ਮੁਜਾਹਰਾ ਨਸਲਵਾਦ ਵਿਰੋਧੀ ਤਾਕਤਾਂ ਦੀ ਜਿੱਤ ਸੀ ਇਸ ਦਿਨ ਲੋਕਾਂ ਦੀ ਸਾਂਝੀ ਤਾਕਤ ਨੇ ਇਹਨਾ ਗੁੰਡਿਆਂ ਨੂੰ ਇਹ ਦਿਖਾ ਦਿੱਤਾ ਕਿ ਉਹਨਾਂ ਦੀ ਗੁੰਡਾਗਰਦੀ ਲੋਕ ਹੋਰ ਬ੍ਰਦਾਸ਼ਤ ਨਹੀਂ ਕਰਨਗੇ ।

ਆਓ! 17 ਅਕਤੂਬਰ ਨੂੰ ਆਖਰੀ ਮੌਕਾ ਬਣਾ ਦੇਈਏ, ਜਦੋਂ ਕਿ ਇਹ ਫਾਸ਼ੀ ਗੁੰਡੇ ਸਾਡੇ ਕਾਜ ਵਿਚ ਭੰਨ ਤੋੜ ਕਰਨ । ਆਓ! ਇਹਨਾਂ ਗੁੰਡਿਆਂ ਦੇ ਟੋਲੇ ਨੂੰ ਨਿਖੇੜਨ ਅਤੇ ਹਰਾਉਣ ਲਈ ਹਰ ਸੰਭਵ ਕਦਮ ਉਠਾਈਏ!

ਅਸੀਂ ਤੁਹਾਨੂੰ ਅਤੇ ਤੁਹਾਡੀ ਜਥੇਬੰਦੀ ਨੂੰ ' ਸੀ. ਪੀ. ਸੀ. (ਐਮ. ਐਲ.)' ਦੀ ਸਖਤ ਨਿਖੇਧੀ ਕਰਨ ਦੀ ਅਪੀਲ ਕਰਦੇ ਹਾਂ । ਆਓ! ਇਹਨਾਂ ਦੀਆਂ ਅਖੌਤੀ ਜਥੇਬੰਦੀਆਂ ਦੀਆਂ ਸਰਗਰਮੀਆਂ ਦਾ ਬਾਈਕਾਟ ਕਰੀਏ!

**ਅਤੇ ਆਓ! ਆਪਣੇ ਨਸਲਵਾਦ ਅਤੇ ਕੂ ਕਲਕਸ ਕਲੈਨ ਵਿਰੁੱਧ ਲੜਨ ਦੇ ਕੰਮ ਨੂੰ ਜਾਰੀ ਰੱਖੀਏ!**

ਨਸਲਵਾਦ ਵਿਰੁੱਧ ਬੀ. ਸੀ. ਸੰਘਰਸ਼ ਸੰਮਤੀ ਵਿਚ ਸ਼ਾਮਲ ਹੋਵੋ, ਇਸ ਦੀਆਂ ਕਮੇਟੀਆਂ ਵਿਚ ਹਿੱਸਾ ਲਵੋ, ਆਪਣੇ ਆਂਢ ਗੁਆਂਢ ਵਿਚ ਨਸਲਵਾਦ ਵਿਰੁੱਧ ਗਰੁੱਪ ਕਾਇਮ ਕਰੋ ਅਤੇ ਨਸਲਵਾਦੀਆਂ ਨੂੰ ਨਿਖੇੜੋ ।

ਸਾਡਾ ਐਡਰੈਸ ਹੈ:
**BCOFR**
**P.O.Box 2151,**
**New Westminster, B.C.**
**V3L 5A3**


# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

**327-0295**

5125 VICTORIA - DRIVE VANCOUVER

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

866 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਰੀਪੋਰਟ ਦਾ ਪ੍ਰਤੀਕਰਮ

ਜੋ ਵਤਨੋਂ ਦੂਰ ਜੁਲਾਈ - ਅਗਸਤ ਅੰਕ ਵਿੱਚ ਛਪੀ ਸੀ।

ਪਿਆਰੇ ਕੁਲਵੰਤ ਸਿੰਘ ਸਹੋਤਾ
ਸਕੱਤਰ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ

ਭਾਵੇਂ ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਤੁਹਾਡੀ ਪ੍ਰੈਸ - ਰਲੀਜ਼ ਦਾ ਉੱਤਰ ਦਿੱਤਾ ਜਾ ਚੁੱਕਾ ਹੈ ਅਤੇ ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਪਰ ਫਿਰ ਵੀ ਮੈਂ ਇਸ ਸਬੰਧੀ ਨਿੱਜੀ ਤੌਰ ਤੇ ਲਿਖਣੋਂ ਰਹਿ ਨਹੀਂ ਸਕਦੀ। ਮੈਂ ਪਿਛਲੇ ਚਾਰ ਸਾਲਾਂ ਤੋਂ ਇੰਡੀਆਂ ਮਹਿਲਾ ਐਸੋਸੀਏਸ਼ਨ ਦੀ ਮੈਂਬਰ ਬਣੀ ਆ ਰਹੀ ਹਾਂ।

ਤੁਸਾਂ ਜੋ ਕੁੱਝ ਲਿਖ ਕੇ ਛਪਵਾਇਆ ਹੈ ਉਸ ਨਾਲ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦਾ ਅਸਲੀ ਕਿਰਦਾਰ ਨੰਗਾ ਹੋ ਜਾਂਦਾ ਹੈ। ਤੁਸੀਂ ਆਪਣੇ ਆਪ ਨੂੰ ਅਗਾਂਹ ਵਧੂ ਅਤੇ ਮਾਰਕਸਵਾਦੀ ਕਹਾਉਂਦੇ - ਕਹਾਉਂਦੇ ਹੋਏ ਬੁਨਿਆਦੀ ਸਮਾਜੀ ਤਬਦੀਲੀ ਨਾਲ ਪ੍ਰਤੀਬੱਧ ਕਹਾਉਂਦੇ ਹੋ, ਪ੍ਰੰਤੂ ਤੁਹਾਡੀ ਪ੍ਰੈਸ ਰਲੀਜ਼ ਤੁਹਾਡੇ ਅੰਦਰ ਲੁਕੇ ਉਦੇਸ਼ਾਂ ਦੇ ਸਾਫ ਤੌਰ ਤੇ ਉਜਾਗਰ ਹੈ।

ਪਹਿਲਾ : ਜੇ ਕੋਈ ਗਰੁੱਪ ਕਿਸੇ ਮਸਲੇ ਸਬੰਧੀ ਜਾਨਣ ਲਈ ਕੁਝ ਸਵਾਲ ਉਠਾਉਂਦਾ ਹੈ ਤਾਂ ਉਸ ਲਈ ਤਰਕ ਸੰਗਤ ਉਚਿਤ ਤਰੀਕਾ ਉਸ ਲਈ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਹੁੰਦਾ ਹੈ। ਪ੍ਰੰਤੂ ਤੁਸੀਂ ਬੇ-ਹੱਦ ਪਾਜ਼ੂ ਅਤੇ ਤਬਾਹਕੁਨ ਰਾਹ ਚੁਣਿਆ ਹੈ। ਤੁਸੀਂ ਬਿਨਾਂ ਪੂਰੀ ਜਾਣਕਾਰੀ ਅਤੇ ਗਿਆਨ ਤੋਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਕਸਦ ਨੂੰ ਭੰਡਣ ਦਾ ਰਾਹ ਚੁਣਿਆ।

ਦੂਜਾ : ਤੁਸਾਂ ਇਸਤਰੀ ਸਭਾ (I.M.A) ਬਾਰੇ ਜੋ ਸਵਾਲ ਉਠਾਏ ਹਨ, ਸਵਾਲ ਜੋ ਤੁਹਾਡੀ ਪ੍ਰਤੀਬੱਧਤਾ, ਇਸਤਰੀਆਂ ਦੀ ਬਰਾਬਰੀ ਲਈ ਜਦੋ ਜਹਿਦ, ਬੱਚਿਆਂ ਅਤੇ ਮਰਦਾਂ ਸਬੰਧੀ ਆਦਿ, ਬੜੇ ਘਟੀਆ ਢੰਗ ਨਾਲ ਉਠਾਏ ਹਨ।

ਕੇਵਲ ਇੱਕ ਮਾਰਕਸਵਾਦੀ ਦੇ ਤੌਰ ਤੇ ਤੁਸੀਂ ਔਰਤਾਂ ਨਾਲ ਧੱਕੇਸ਼ਾਹੀ, ਅਤਿਆਚਾਰ ਅਤੇ ਵਧੀਕੀਆਂ ਦਾ ਸਵਾਲ ਉਠਾਉਣ ਦੇ ਯੋਗ ਨਹੀਂ, ਅਤੇ ਇਸ ਨੂੰ ਸਮਾਜਵਾਦ ਦੇ ਘੋਲ ਦਾ ਇੱਕ ਜ਼ਰੂਰੀ ਹਿੱਸਾ ਨਹੀਂ ਮੰਨਦੇ ਤਾਂ ਤੁਹਾਡਾ ਅਜਿਹਾ ਸਮਾਜਵਾਦ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਸੁਸਰੀ ਵਾਂਗ ਸੌਂ ਜਾਵੇਗਾ। ਅਸੀਂ ਇਸਤਰੀਆਂ ਸੰਸਾਰ ਦੀ ਕੁੱਲ ਵਸੋਂ ਦੇ ਅੱਧ ਤੋਂ ਵੱਧ ਹਾਂ ਅਤੇ ਸਾਡੇ ਹਿੱਸਾ ਪਾਉਣ ਤੋਂ ਬਿਨਾਂ ਕੋਈ ਸਮਾਜਵਾਦੀ ਇਨਕਲਾਬ ਨਹੀਂ ਆ ਸਕਦਾ।

ਤੀਜਾ : ਤੁਸੀਂ ਇੱਕ ਰੈਜ਼ੋਲੇਸ਼ਨ ਪਾਸ ਕਰਕੇ ਇਸਤਰੀਆਂ ਸਬੰਧੀ ਲਿਖਣ ਦਾ ਫੈਸਲਾ ਲਿਆ ਹੈ। ਪਰ ਮੈਨੂੰ ਇੱਕ ਸਪਸ਼ਟ ਅਤੇ ਢੁਕਵਾਂ ਸਵਾਲ ਪੁੱਛਣ ਦੀ ਆਗਿਆ ਦਿਓ। ਤੁਸੀਂ ਮਨੁੱਖ ਜਾਤੀ ਸਬੰਧੀ, ਜਾਤੀਆਂ ਸਮੱਸਿਆਵਾਂ, ਦੁੱਖ ਤਕਲੀਫਾਂ ਲਈ ਲਿਖਦਾ ਕਿਵੇਂ ਆਪਣੇ ਆਪ ਨੂੰ ਪ੍ਰਮਾਣੀਕ ਸਮਝਦੇ ਹੋ। ਤੁਸੀਂ ਸਾਨੂੰ ਇਹੋ ਸਵਾਲ ਪੁੱਛੋ ਪਰ ਪੁੱਛੋ ਸਦਾ ਇਮਾਨਦਾਰੀ ਨਾਲ, ਤੁਸੀਂ ਮੈਨੂੰ ਦੱਸੋ ਕਿ ਕਦੀ ਤੁਹਾਨੂੰ ਵਿਦਿਅਕ ਅਦਾਰਿਆਂ ਵਿੱਚ ਇਸਤਰੀ ਹੋਣ ਕਾਰਨ ਵਿਦਿਆ ਪ੍ਰਾਪਤ ਕਰਨ ਤੋਂ ਇਨਕਾਰ ਕੀਤਾ ਗਿਆ ਹੈ? ਕੀ ਤੁਹਾਨੂੰ ਵਿਦਿਆ ਪ੍ਰਾਪਤੀ ਕਰਨ ਲਈ ਸ਼ਾਦੀ ਕਰਨਾ ਜ਼ਰੂਰੀ ਹੈ? ਕੀ ਤੁਹਾਨੂੰ ਤੁਹਾਡੀ ਮਰਜ਼ੀ ਤੋਂ ਬਿਨਾਂ ਕਦੀ ਜ਼ਬਰਦਸਤੀ ਕੀਤੀ ਹੈ? ਕੀ ਤੁਹਾਡੇ ਨਾਲ ਕਦੀ ਜਬਰ - ਜਨਾਹ ਹੋਇਆ ਹੈ? ਕੀ ਤੁਹਾਨੂੰ ਕਦੀ ਤੁਹਾਡੇ ਪਤੀ ਨੇ ਕੁੱਟਿਆ ਹੈ? ਤੁਸੀਂ ਕਿੰਨੀ ਕੁ ਵਾਰ ਘਰੋਂ ਬਾਹਰ 8 ਘੰਟਿਆਂ ਦਾ ਸ਼ਿਫਟਾਂ ਤੇ ਕੰਮ ਕੀਤਾ ਅਤੇ ਘਰ ਆ ਕੇ ਰੋਟੀ ਤਿਆਰ ਕਰਨਾ, ਬੱਚੇ ਸਾਂਭਣੇ ਅਤੇ ਫਿਰ ਦੂਜੀ ਸ਼ਿਫਟ ਲਈ ਜਾਣਾ ਆਦਿ?

ਇਹ ਸਾਡਾ ਹਰ ਰੋਜ਼ ਦਾ ਜੀਵਨ ਹੈ। ਅਸੀਂ ਇੰਡੀਆ ਮਹਿਲਾ ਐਸੋਸੀਏਸ਼ਨ ਵਾਲੀਆਂ ਔਰਤਾਂ ਹਾਂ ਅਤੇ ਅਸੀਂ ਅਜਿਹੇ ਢੰਗ ਨਾਲ ਜੀਵਨ ਗੁਜ਼ਾਰ ਰਹੀਆਂ ਹਾਂ ਅਤੇ ਸਾਨੂੰ ਉਪਰੋਕਤ ਤਜਰਬਿਆਂ ਚੋਂ ਲੰਘਣਾ ਪੈ ਰਿਹਾ ਹੈ। ਹੋਰ ਸਾਰੀਆਂ ਇਸਤਰੀਆਂ ਵੀ ਉਨ੍ਹਾਂ ਸਭ ਮਰਦਾਂ ਨਾਲ ਸਹਿਯੋਗ ਕਰਕੇ ਅਤਿਆਚਾਰਾਂ ਤੇ ਦਾਬੇ ਵਿਰੁੱਧ ਲੜਨ ਲਈ ਤਿਆਰ ਹਨ ਜੋ ਸਾਡਾ ਸਹਿਯੋਗ ਕਰਦੇ ਹਨ, ਪਰ ਉਨ੍ਹਾਂ ਨਾਲ ਨਹੀਂ ਜੋ ਸਾਡੇ ਉਪਰ ਅਤਿਅੰਤ ਗਲਤ ਦੋਸ਼ ਥੋਪਦੇ ਹਨ।

ਜੇਕਰ ਤੁਸੀਂ ਮੈਨੂੰ ਇਹ ਸਪਸ਼ਟ ਕਰਨ ਦੀ ਆਗਿਆ ਦਿਓ ਕਿ ਮੇਰੇ ਖਿਆਲ ਅਨੁਸਾਰ ਸਾਡੇ ਕਾਰਨਾਂ ਚੋਂ ਇੱਕ ਕਾਰਨ ਇਹ ਵੀ ਹੈ ਕਿ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਇਹ ਮਰਦ - ਭਾਰੂ ਗਰੁੱਪ ਹੋਣ ਕਰਕੇ ਇੰਡੀਆ ਮਹਿਲਾ ਐਸੋਸੀਏਸ਼ਨ ਬਾਰੇ ਕਿਉਂ ਬੌਖਲਾ ਉੱਠਿਆ ਹੈ ਕਿ ਤੁਸੀਂ ਇਸ ਅਸਲੀਅਤ ਤੋਂ ਭੈ-ਭੀਤ ਹੋ ਕਿ ਇਸਤਰੀਆਂ ਆਪਣੇ ਹੱਕਾਂ ਲਈ ਜਥੇਬੰਦ ਹੋ ਰਹੀਆਂ ਹਨ ਅਤੇ ਆਪਣੇ ਪੈਰਾਂ ਉਪਰ ਆਪ ਖਲੋਣਾ ਚਾਹੁੰਦੀਆਂ ਹਨ।

ਸਾਨੂੰ ਸਾਡੇ ਸਬੰਧੀ ਤੁਹਾਡੇ ਫੈਸਲਾ ਕਰਨ ਦੇ ਹੱਕ ਤੇ ਇਤਰਾਜ਼ ਹੈ। ਸਾਨੂੰ ਤੁਹਾਡੇ ਵਲੋਂ ਸਾਡੀ ਵੱਖਰੀ ਆਜ਼ਾਦ ਹੋਂਦ ਕਾਇਮ ਕਰਨ ਦੇ ਹੱਕ ਤੋਂ ਇਨਕਾਰੀ ਹੋਣ ਤੇ ਇਤਰਾਜ਼ ਹੈ। ਤੁਸੀਂ ਤਾਂ ਕੇਵਲ ਹੋ ਕਿ - ਤੁਹਾਡੀਆਂ ਭੈਣਾਂ, ਧੀਆਂ ਤੇ ਇਸਤਰੀਆਂ ਸ਼ਾਇਦ ਅਜਿਹਾ ਮਹਿਸੂਸ ਕਰਨ ਅਤੇ ਤੁਹਾਡੇ ਦਾਬੇ ਦੇ ਵਿਰੁੱਧ ਉਠ ਖੜ੍ਹਨ।

ਇਥੇ ਹੀ ਬੱਸ ਨਹੀਂ ਤੁਸੀਂ ਸਾਡੇ ਢੰਗਾਂ ਦੀ ਤੌਹੀਨ ਕਰਦਿਆਂ ਕਲਪਨਾ ਬਾਰੇ ਕਈ ਨੁਕਸਾਨ ਭਰੇ ਅੰਦਾਜ਼ਾਂ ਦੀ ਟੈਲੀਫੂਨ ਦਾ ਜ਼ਿਕਰ ਕੀਤਾ ਹੈ ਕਿਉਂਕਿ ਸਾਡੇ ਪਤੀ ਵੀ ਸਾਥ ਦਿੰਦੇ ਹਨ। ਤੁਸੀਂ (ਮੀਟਿੰਗ ਵਿੱਚ) ਕਿਹਾ ਹੈ ਕਿ ਜੋ ਪਤੀ ਸਾਡੇ ਗਰੁੱਪ ਦੇ ਸਹਾਇਕ ਹਨ ਉਹ ਆਪਣੇ ਨਿਜੀ ਹਿੱਤਾਂ ਅਤੇ ਲਾਭਾਂ ਲਈ ਹਨ। ਨਾਂ ਕੇਵਲ ਇਹ ਝੂਠ ਹੀ ਹੈ ਸਗੋਂ ਇਸ ਤਰ੍ਹਾਂ ਕਰਕੇ ਤੁਸੀਂ ਇਸਤਰੀਆਂ ਵਿਰੁੱਧ ਇੱਕ ਹੋਰ ਸੰਗੀਨ ਜੁਰਮ ਕੀਤਾ ਹੈ। ਸਾਡੀ ਇਸਤਰੀਆਂ ਦੀ ਆਪਣੇ ਪਤੀਆਂ ਤੋਂ ਬਿਨਾਂ ਵੱਖਰੀ ਦਿੱਖ ਹੈ। ਤੁਹਾਡੀਆਂ ਭਾਵਨਾਵਾਂ ਸਮਾਜੀ - ਸਬੰਧਾਂ ਦੇ ਵਿਗਾੜ ਨੂੰ ਹੋਰ ਵੀ ਪੱਕਾ ਕਰਦੀਆਂ ਹਨ। (ਇਸਤਰੀ ਨੂੰ ਜਾਇਦਾਦ ਸਮਝਣਾ) ਬਜਾਏ ਕਿ ਇਨ੍ਹਾਂ ਦਾਬੇ ਵਾਲੇ ਸਬੰਧਾਂ ਨੂੰ ਖਤਮ ਕੀਤਾ ਜਾਵੇ। ਇਹ ਕਿਸ ਤਰ੍ਹਾਂ ਅਗਾਂਹ ਵਧੂ ਹੋ ਸਕਦਾ ਹੈ?

ਅੰਤ ਵਿੱਚ ਮੇਰਾ ਵਿਚਾਰ ਹੈ ਕਿ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਨੂੰ ਇੱਕ ਹੋਰ ਮੀਟਿੰਗ ਸੱਦਣ ਅਤੇ ਅਜੇ ਹੋਰ ਵਿਚਾਰ - ਵਟਾਂਦਰੇ ਦੁਆਰਾ ਅਮਲ ਨਿਸ਼ਚਤ ਕਰਨ ਅਤੇ ਇਸਤਰੀਆਂ ਬਾਰੇ ਹੋਰ ਸਿਖਾਈ ਕਰਨ ਦੀ ਲੋੜ ਹੈ।

ਧੰਨਵਾਦ ਸਹਿਤ
ਪ੍ਰਭਾ ਖੋਸਲਾ. ਵੈਨਕੂਵਰ.

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

**ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ**

**ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ**
**ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ**
**6545 MAIN ST., (NEAR 49TH. AVE) ਦੇ ਕੋਲ ਖੋਲ੍ਹ ਦਿੱਤੀ ਹੈ**

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS*.

Largest Variety in Indian Sweets

**Burfi - Laddo - Rasgulas - Gulab Jamuns - Masu - Pinnis**
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ

**WATNO DUR**
P.O. BOX 67681 STN. "O"
VANCOUVER, B.C. V5W 3V2

Second class mail Reg. No. 3233

To


# FRONTIER CLOTH HOUSE LTD.
## 6695 MAIN STREET VANCOUVER, B.C.

### THE KING OF SAREE

Tel.: 325-3515

Tel.: 325-4424

*New*

# JAPAN SAREE CENTRE

*6672 Main St. At 51st. Vancouver*
*PH: 325-3515*







ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜ੍ਹਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ

## *FRONTIER DRAPERY SHOWROOM*

*On 2nd floor of Frontier Bldg.*

## *SHOP FRONTIER TO GET BEST VALUE OF YOUR DOLLAR*


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2